ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ

ਪਾਲਿਕਾ ਸਮਾਚਾਰ


ਨਵੀਂ ਦਿੱਲੀ
ਪਾਲਿਕਾ ਸਮਾਚਾਰ
(ਦੋ ਮਾਸਿਕ)
ਸਾਲ 37 ਅੰਕ 11-12
ਨਵੰਬਰ-ਦਸੰਬਰ, 2014



ਸੰਪਾਦਕੀ ਮੰਡਲ

ਸਰਪ੍ਰਸਤ
ਜਲਜ ਸ੍ਰੀਵਾਸਤਵ
ਪ੍ਰਧਾਨ

ਮੁੱਖ ਸੰਪਾਦਕ
ਨਿਖਿਲ ਕੁਮਾਰ

ਉਪ ਮੁੱਖ ਸੰਪਾਦਕ
ਜਗਜੀਵਨ ਬਖਸ਼ੀ

ਪ੍ਰਕਾਸ਼ਕ ਸੰਪਾਦਕ
ਅਨੀਤਾ ਜੋਸ਼ੀ

ਕਾਰਜਕਾਰੀ ਸੰਪਾਦਕ
ਰਵਿੰਦਰ ਨੰਦਾ

ਸਹਾਇਕ ਸੰਪਾਦਕ
ਰੀਮਾ ਕਾਮਰਾ

ਸਹਿਯੋਗ
ਸੁਮਨ ਕੁਮਾਰ



ਮੁੱਲ
ਇਕ ਕਾਪੀ : ₹ 20/- ਰੁ:
ਸਾਲਾਨਾ : ₹ 100/- ਰੁ:
ਪੰਜ ਸਾਲਾਂ ਲਈ : ₹ 400/- ਰੁ:




# ਸੰਪਾਦਕੀ

ਸਾਲ 2014 ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਹਰ ਖੇਤਰ ਵਿੱਚ ਅਨੇਕਾਂ ਯੋਜਨਾਵਾਂ ਤੇ ਵਰਣਨਯੋਗ ਕੰਮ ਕੀਤੇ ਗਏ। ਕਿਸੇ ਵੀ ਅਦਾਰੇ ਦਾ 100 ਸਾਲ ਪੂਰੇ ਕਰਨਾ ਆਪਣੇ ਆਪ ਵਿੱਚ ਇਕ ਬਹੁਤ ਵੱਡੀ ਪ੍ਰਾਪਤੀ ਮੰਨੀ ਜਾਂਦੀ ਹੈ। ਸਾਲ 2014 ਦੇ ਦੌਰਾਨ ਪਰੀਸ਼ਦ ਨੇ ਆਪਣੇ ਖੇਤਰ ਦੇ ਵਸਨੀਕਾਂ ਨੂੰ ਵਿਸ਼ਵ ਪੱਧਰੀ ਸੇਵਾਵਾਂ ਪ੍ਰਦਾਨ ਕਰਕੇ ਇਕ ਆਦਰਸ਼ ਸਥਾਪਤ ਕੀਤਾ ਹੈ। ਭਵਿੱਖ ਵਿੱਚ ਵੀ ਪਰੀਸ਼ਦ ਵੱਲੋਂ ਨਵੀਆਂ ਪਰਿਯੋਜਨਾਵਾਂ ਲਾਗੂ ਕਰਕੇ ਆਪਣੇ ਖੇਤਰ ਦੇ ਵਸਨੀਕਾਂ ਨੂੰ ਬੇਹਤਰ ਸੁਵਿਧਾਵਾਂ ਪ੍ਰਦਾਨ ਕਰਨ ਦੇ ਇਲਾਵਾ ਕਰਮਚਾਰੀ ਕਲਿਆਣ ਅਤੇ ਸਮਾਜ ਕਲਿਆਣ ਦੀਆਂ ਯੋਜਨਾਵਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ।

ਸਵੱਛਤਾ ਸੱਭਿਅ ਜੀਵਨ ਦਾ ਇਕ ਅਭਿੰਨ ਅੰਗ ਹੈ। ਸਵੱਛਤਾ ਤੋਂ ਬਿਨਾਂ ਮਨੁੱਖ ਨੂੰ ਸੱਭਿਅ ਕਹਿਣਾ ਬੇਮਾਅਨੀ ਹੋਵੇਗਾ ਲੇਕਿਨ ਆਧੁਨਿਕ ਜੀਵਨ ਵਿੱਚ ਸਵੱਛਤਾ ਨੂੰ ਮਨੁੱਖ ਨੇ ਕੇਵਲ ਆਪਣੀ ਵਿਅਕਤੀਗਤ ਸਵੱਛਤਾ ਦਾ ਸਮਰੂਪ ਮੰਨ ਲਿਆ ਹੈ ਅਤੇ ਸਾਰਵਜਨਿਕ ਰੂਪ ਨਾਲ ਫੈਲਾਈ ਗਈ ਗੰਦਗੀ ਨੂੰ ਉਹ ਆਪਣੀ ਸਵੱਛਤਾ ਦਾ ਅੰਗ ਨਹੀਂ ਮੰਨਦੇ ਹਨ। ਇਸ ਦੇ ਕਾਰਨ ਸਾਰਵਜਨਿਕ ਸਵੱਛਤਾ ਲੋਕਲ ਅਦਾਰਿਆਂ ਦੇ ਲਈ ਇਕ ਸਮੱਸਿਆ ਬਣ ਗਈ ਹੈ।

ਸਾਰਵਜਨਿਕ ਸਵੱਛਤਾ ਨੂੰ ਰਾਸ਼ਟਰੀ ਪੱਧਰ ਤੇ ਪ੍ਰਮੁੱਖਤਾ ਦੇਣ ਦੇ ਲਈ ਮਾਨਯੋਗ ਪ੍ਰਧਾਨ ਮੰਤਰੀ ਜੀ ਨੇ ਇਸ ਸਾਲ ਗਾਂਧੀ ਜਯੰਤੀ ਦੇ ਮੌਕੇ ਤੇ 'ਸਵੱਛ ਭਾਰਤ ਮਿਸ਼ਨ' ਦੀ ਸ਼ੁਰੂਆਤ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਖੇਤਰ ਦੇ ਵਾਲਮੀਕੀ ਸਦਨ ਤੋਂ ਕੀਤੀ ਅਤੇ ਇਸ ਦੇ ਬਾਅਦ ਰਾਜਪਥ ਤੋਂ ਦੇਸ਼ ਦੇ ਨਾਂ ਸਵੱਛ ਭਾਰਤ ਬਣਾਉਣ ਦੇ ਆਪਣੇ ਸੁਫਨੇ ਦਾ ਸੰਕਲਪ ਦੇਸ਼ ਨੂੰ ਦਿੱਤਾ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਮਾਣਯੋਗ ਪ੍ਰਧਾਨ ਮੰਤਰੀ ਜੀ ਦੇ 'ਸਵੱਛ ਭਾਰਤ ਮਿਸ਼ਨ' ਨੂੰ ਆਪਣਾ ਪਰਮ ਫ਼ਰਜ਼ ਮਾਣ ਕੇ ਇਸ ਦਾ ਨਿਰਬਾਹ ਕਰਨ ਦੀ ਦਿਸ਼ਾ ਵਿੱਚ ਪਾਲਿਕਾ ਪਰੀਸ਼ਦ ਹੈੱਡ ਆਫ਼ਿਸ ਵਿੱਚ ਉਸ ਦਿਨ ਸਾਰੇ ਪਾਲਿਕਾ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਸਹੁੰ ਦਿਵਾ ਕੇ ਸਾਰੇ ਆਫ਼ਿਸਾਂ ਵਿੱਚ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ।

ਇਸ ਮੁਹਿੰਮ ਦੇ ਅੰਤਰਗਤ ਕਾਲੀਬਾੜੀ ਮਾਰਗ ਦੇ ਝੁੱਗੀ ਬਸਤੀ ਖੇਤਰ ਵਿੱਚ 17 ਪਖਾਨਿਆਂ ਦਾ ਨਿਰਮਾਣ ਕੀਤਾ ਗਿਆ ਜਿਸ ਦਾ ਉਦਘਾਟਨ ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਨੇ ਕੀਤਾ। ਵਾਤਾਵਰਣ-ਸਵੱਛਤਾ ਦੀ ਦਿਸ਼ਾ ਵਿੱਚ ਲੋਧੀ ਗਾਰਡਨ ਵਿੱਚ 'ਕੇਂਦਰੀਕ੍ਰਿਤ ਹਰਿਤ ਕੂੜਾ ਪ੍ਰਬੰਧਨ ਸੰਯੰਤਰ' ਦੀ ਸਥਾਪਨਾ ਕੀਤੀ ਗਈ ਹੈ, ਜੋ ਸਾਰੇ ਵੱਡੇ ਹੋਰ ਪਾਰਕਾਂ ਵਿੱਚ ਵੀ ਲਗਾਏ ਜਾਣਗੇ।

ਪਾਲਿਕਾ ਪਰੀਸ਼ਦ ਦੇ ਅੰਤਰਗਤ ਵਿਭਿੰਨ ਖੇਤਰਾਂ ਵਿਸ਼ੇਸ਼ਕਰ ਮਾਰਕੀਟਾਂ, ਪਰੀਸ਼ਦ ਦੇ ਅੰਤਰਗਤ ਆਉਣ ਵਾਲੇ ਸਕੂਲਾਂ, ਹਸਪਤਾਲਾਂ ਅਤੇ ਆਫ਼ਿਸਾਂ ਵਿੱਚ ਸਫ਼ਾਈ ਮੁਹਿੰਮ ਮਨਾਈ ਗਈ ਅਤੇ ਇਸ ਮੁਹਿੰਮ ਦੀ ਜ਼ਰੂਰਤ ਦੇ ਵਿਸ਼ੇ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ ਗਿਆ।

ਸਾਰਵਜਨਿਕ ਥਾਂਵਾਂ ਤੇ ਥੁੱਕਣ ਦੀ ਰੋਕਥਾਮ ਦੇ ਲਈ ਪਾਲਿਕਾ ਪਰੀਸ਼ਦ ਨੇ ਕਨਾਟ ਪਲੇਸ ਤੋਂ ਇਕ ਮੁਹਿੰਮ ਦੀ ਵੀ ਸ਼ੁਰੂਆਤ ਕੀਤੀ ਹੈ। ਜਿਸ ਨਾਲ ਕਨਾਟ ਪਲੇਸ ਦੀ ਖ਼ੂਬਸੂਰਤੀ ਨੂੰ ਥੁੱਕ ਦੇ ਦਾਗ਼ਾਂ ਤੋਂ ਬਚਾਇਆ ਜਾ ਸਕੇ। ਇਸ ਨਾਲ ਲੋਕਲ ਦੁਕਾਨਦਾਰਾਂ, ਮਹਿਮਾਨਾਂ ਅਤੇ ਸੈਲਾਨੀਆਂ ਨੂੰ ਜਾਗਰੂਕ ਕਰਨ ਦੇ ਮਕਸਦ ਲਈ ਪਾਲਿਕਾ ਪਰੀਸ਼ਦ ਦੇ ਸੁਰੱਖਿਆ ਕਰਮਚਾਰੀਆਂ ਨੂੰ ਵੀ ਤਾਇਨਾਤ ਕੀਤਾ ਗਿਆ ਹੈ।

ਸਾਲ 2014 ਨੂੰ ਇਸ ਸਵੱਛਤਾ ਸੰਕਲਪ ਦੇ ਨਾਲ ਵਿਦਾ ਕਰਨ ਅਤੇ ਨਵੇਂ ਵਰ੍ਹੇ - 2015 ਵਿੱਚ ਇਸ ਸੰਕਲਪ ਨੂੰ ਪੂਰਾ ਕਰਨ ਦੀ ਆਸ ਦੇ ਨਾਲ ਸਭ ਨੂੰ ਨਵੇਂ ਵਰ੍ਹੇ ਦੀਆਂ ਸ਼ੁਭ ਕਾਮਨਾਵਾਂ!

ਮੁੱਖ ਸੰਪਾਦਕ

# ਇਸ ਅੰਕ ਵਿੱਚ


| | | |
|---|---|---|
| ਪਰੀਸ਼ਦ ਗਤੀਵਿਧੀਆਂ | 4-16 | — |
| ਆਂਚਲ ਵਿਸ਼ੇਸ਼ ਸਕੂਲ (ਲੇਖ) | 17 | — |
| ਭਾਈ ਵੀਰ ਸਿੰਘ ਦੇ ਪ੍ਰਭਾਵ 'ਚੋਂ ਉਪਜੀ 'ਪਾਰਸ ਛੂਹ' (ਲੇਖ) | 18 | ਡਾ. ਮਨੀਸ਼ਾ ਬੱਤਰਾ |
| ਵਕਤ ਬੇਵਕਤ (ਕਵਿਤਾ) | 21 | ਰਾਜੇਸ਼ ਗੁਪਤਾ |
| ਚਾਚਾ ਨਹਿਰੂ (ਕਵਿਤਾ) | 21 | ਸੁੰਦਰ ਪਾਲ ਪ੍ਰੇਮੀ |
| ਕਹਾਣੀ/ਅੰਤਿਮ ਇੱਛਾ | 22 | ਸੁਰਿੰਦਰ ਕੌਰ ਛਾਬੜਾ |
| ਦੋ ਬਾਲ ਕਵਿਤਾਵਾਂ | | |
| ਸੋਚ ਸਮਝ ਕੇ, ਸਾਡੇ ਪ੍ਰਿੰਸੀਪਲ | 24 | ਨੂਰ ਸੰਤੋਖਪੁਰੀ |




ਇਸ ਅੰਕ ਵਿੱਚ ਛਪੇ ਵਿਚਾਰਾਂ ਨਾਲ ਸੰਪਾਦਕੀ ਮੰਡਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਰਚਨਾਵਾਂ ਵਿੱਚ ਸੋਧ, ਕਾਂਟ-ਛਾਂਟ ਆਦਿਕ ਕਰਨ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦਾ ਜੁਡੀਸ਼ਲ ਖੇਤਰ ਨਵੀਂ ਦਿੱਲੀ ਹੋਵੇਗਾ।



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਲਈ ਅਨੀਤਾ ਜੋਸ਼ੀ ਦੁਆਰਾ ਪ੍ਰਕਾਸ਼ਿਤ ਅਤੇ ਨੂਤਨ ਪ੍ਰਿੰਟਰਜ਼, ਐਫ-89/12, ਓਖਲਾ ਇੰਡਸਟ੍ਰੀਅਲ ਏਰੀਆ ਫੇਜ਼-I, ਨਵੀਂ ਦਿੱਲੀ- 110020 ਤੋਂ ਛਪੀ। (ਫ਼ੋਨ : 26817055)

ਸੰਪਰਕ ਸੂਤਰ : ਸੰਪਾਦਕ, ਪਾਲਿਕਾ ਸਮਾਚਾਰ (ਦੋ ਮਾਸਿਕ), ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ,
ਪਾਲਿਕਾ ਕੇਂਦਰ, ਨਵੀਂ ਦਿੱਲੀ-110001

ਫ਼ੋਨ : 41501354-70/3209 ਵੈੱਬਸਾਈਟ : www.ndmc.gov.in



# : ਨਵੇਂ ਵਰ੍ਹੇ ਦੀਆਂ ਹਾਰਦਿਕ ਸ਼ੁਭਕਾਮਨਾਵਾਂ :

ਪਿਆਰੇ ਮਿੱਤਰੋ,

ਅੱਜ ਨਵੇਂ ਸਾਲ ਦੀ ਪੂਰਵ ਸੰਧਿਆ ਤੇ ਮੈਂ ਪਿਛਲੇ ਸਾਲ ਵਿੱਚ ਹੋਈਆਂ ਪ੍ਰਾਪਤੀਆਂ ਦੇ ਲਈ ਪੂਰੇ ਪਾਲਿਕਾ ਪਰਿਵਾਰ ਦੇ ਸਾਰੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਧੰਨਵਾਦ ਦਿੰਦੇ ਹੋਏ ਨਵੇਂ ਆਉਣ ਵਾਲੇ ਵਰ੍ਹੇ ਵਿੱਚ ਉਨ੍ਹਾਂ ਨੂੰ ਹੋਰ ਮਿਹਨਤ ਨਾਲ ਜੁਟਣ ਦਾ ਸੱਦਾ ਦਿੰਦਾ ਹਾਂ।

ਪਿਛਲੇ ਸਾਲ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਆਪਣੀ ਸਥਾਪਨਾ ਦੇ 100 ਗੌਰਵਪੂਰਣ ਸਾਲ ਪੂਰੇ ਕਰਨ ਦੇ ਮੌਕੇ ਤੇ ਅਨੇਕ ਸਮਾਰੋਹ ਖ਼ੁਸ਼ੀ ਅਤੇ ਅਨੰਦ ਦੇ ਨਾਲ ਆਯੋਜਿਤ ਕੀਤੇ। ਅਜ਼ਾਦੀ ਦਿਵਸ ਤੇ ਅਨੇਕ ਪ੍ਰੋਗਰਾਮਾਂ ਦਾ ਹਫ਼ਤੇ ਭਰ ਤੱਕ ਰਾਸ਼ਟਰ-ਭਗਤੀ ਦੇ ਨਾਲ ਸਫ਼ਲ ਆਯੋਜਨ ਕੀਤਾ ਗਿਆ।

ਨਵੀਂ ਦਿੱਲੀ ਖੇਤਰ ਦੀ ਜਨਤਾ ਦੇ ਲਈ ਵਿਭਿੰਨ ਪਰਿਯੋਜਨਾਵਾਂ ਨੂੰ ਸ਼ੁਰੂ ਕੀਤਾ ਗਿਆ, ਜਿਨ੍ਹਾਂ ਵਿੱਚ ਕੂੜੇ ਤੋਂ ਬਿਜਲੀ ਬਣਾਉਣ, ਸੌਰ ਊਰਜਾ ਦਾ ਗ਼ੈਰ- ਪਰੰਪਰਾ ਊਰਜਾ ਦੇ ਸ੍ਰੋਤ ਦੇ ਰੂਪ ਵਿੱਚ ਵਰਤੋਂ ਕਰਨਾ, ਹਰਿਤ ਕੂੜੇ ਦਾ ਵਾਤਾਵਰਣੀ ਪ੍ਰਬੰਧਨ ਕਰਨ ਲਈ ਸੰਯੰਤਰਾਂ ਦੀ ਸਥਾਪਨਾ ਅਤੇ ਕਨਾਟ ਪਲੇਸ ਵਿੱਚ ਫ਼੍ਰੀ ਵਾਈ-ਫਾਈ ਸੇਵਾ ਦੀ ਸ਼ੁਰੂਆਤ ਮੁੱਖ ਹੈ। ਇਹ ਸਾਰੀਆਂ ਪਰਿਯੋਜਨਾਵਾਂ ਜਨਤਾ ਦੇ ਪ੍ਰਤੀ ਸਾਡਾ ਫ਼ਰਜ਼ ਹੈ, ਜਿਨ੍ਹਾਂ ਨੂੰ ਸਾਨੂੰ ਪੂਰੀ ਨਿਸ਼ਠਾ ਦੇ ਨਾਲ ਪੂਰਾ ਕਰਨਾ ਹੋਵੇਗਾ।

ਪਿਛਲੇ ਸਾਲ ਵਿੱਚ ਪਾਲਿਕਾ ਪਰੀਸ਼ਦ ਦੇ ਕਰਮਚਾਰੀਆਂ ਦੇ ਕਲਿਆਣ ਲਈ ਵਿਭਿੰਨ ਯੋਜਨਾਵਾਂ ਦੀ ਸ਼ੁਰੂਆਤ ਕੀਤੀ ਗਈ, ਜਿਨ੍ਹਾਂ ਵਿੱਚ ਸਾਰੇ ਕਰਮਚਾਰੀਆਂ ਨੂੰ ਪ੍ਰਾਈਵੇਟ ਹਸਪਤਾਲਾਂ ਵਿੱਚ ਚਿਕਿਤਸਾ ਸੁਵਿਧਾ ਲੈਣ ਦੇ ਲਈ ਹੋਰ ਉਦਾਰ ਯੋਜਨਾ ਲਾਗੂ ਕਰਨਾ, ਟੀ.ਐੱਮ.ਆਰ. ਕਰਮਚਾਰੀਆਂ ਨੂੰ ਆਰ.ਐੱਮ.ਆਰ. ਅਤੇ ਆਰ.ਐੱਮ.ਆਰ. ਕਰਮਚਾਰੀਆਂ ਨੂੰ ਪੱਕੇ ਕਰਮਚਾਰੀ ਦੇ ਰੂਪ ਵਿੱਚ ਤਰੱਕੀ ਦੇਣਾ, ਪਾਲਿਕਾ ਪਰੀਸ਼ਦ ਦੀ 100ਵੀਂ ਸਾਲਗ੍ਰਹਿ ਤੇ ਸਾਰੇ ਕਰਮਚਾਰੀਆਂ ਨੂੰ 5000 ਦਾ ਮਾਨ-ਭੱਤਾ ਪ੍ਰਦਾਨ ਕਰਨਾ ਅਤੇ ਡੀ.ਟੀ.ਐੱਲ. ਸਕੇਲ ਦੇ ਅੰਤਰਗਤ ਸਾਰੇ ਛੁੱਟੇ ਹੋਏ ਕਰਮਚਾਰੀਆਂ ਨੂੰ ਉਸ ਦਾ ਫ਼ਾਇਦਾ ਦੇਣਾ ਮੰਜ਼ੂਰ ਕੀਤਾ ਜਾ ਚੁੱਕਿਆ ਹੈ। ਨਾਲ ਹੀ ਠੇਕਾ ਆਧਾਰ ਤੇ ਕਾਰਜਰਤ ਕਰਮਚਾਰੀਆਂ ਨੂੰ ਵੀ 'ਬਰਾਬਰ ਕੰਮ ਬਰਾਬਰ ਤਨਖ਼ਾਹ' ਨੀਤੀ ਦੇ ਅੰਤਰਗਤ ਲਿਆਉਣ ਦੀ ਪ੍ਰਕਿਰਿਆ ਚੱਲ ਰਹੀ ਹੈ।

ਨਵੇਂ ਸਾਲ ਵਿੱਚ ਅਸੀਂ ਪਾਲਿਕਾ ਪਰੀਸ਼ਦ ਨੂੰ ਆਪਣੇ ਕੰਮਾਂ ਤੋਂ ਹੋਰ ਸ੍ਰੇਸ਼ਠ ਅਤੇ ਮਜ਼ਬੂਤ ਕਰੀਏ, ਇਸ ਆਸ ਦੇ ਨਾਲ ਮੈਂ ਸਾਰੇ ਕਰਮਚਾਰੀਆਂ ਅਤੇ ਅਧਿਕਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਨਵੇਂ ਵਰ੍ਹੇ ਦੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ।

ਨਵਾਂ ਸਾਲ ਆਪ ਸਭ ਦੇ ਲਈ ਮੰਗਲਮਈ ਹੋਵੇ !

**(ਜਲਜ ਸ੍ਰੀਵਾਸਤਵ)**

# ਪਰੀਸ਼ਦ ਗਤੀਵਿਧੀਆਂ



**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੂੰ 'ਸਕਾੱਚ ਐਵਾਰਡ ਫਾਰ ਐਕਸੀਲੈਂਸ' ਨਾਲ ਸਨਮਾਨਿਤ ਕੀਤਾ :-**

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੂੰ ਉਸ ਵੱਲੋਂ ਚਲਾਈਆਂ ਜਾ ਰਹੀਆਂ ਸ੍ਰੇਸ਼ਠ ਪਰਿਯੋਜਨਾਵਾਂ ਦੇ ਲਈ 'ਸਕਾੱਚ ਐਵਾਰਡ ਫਾਰ ਐਕਸੀਲੈਂਸ' ਨਾਲ 20 ਸਤੰਬਰ, 2014 ਨੂੰ ਸਨਮਾਨਿਤ ਕੀਤਾ ਗਿਆ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀਆਂ ਕੁਲ 6 ਪਰਿਯੋਜਨਾਵਾਂ ਨੂੰ ਸਕਾੱਚ ਐਵਾਰਡ ਦੀ ਚੋਣ ਸਮਿਤੀ ਵੱਲੋਂ ਦੇਸ਼ ਵਿੱਚ ਚਲਾਈਆਂ ਜਾ ਰਹੀਆਂ ਵਿਭਿੰਨ ਪਰਿਯੋਜਨਾਵਾਂ ਵਿੱਚੋਂ ਇਸ ਐਵਾਰਡ ਦੇ ਲਈ ਚੁਣਿਆ ਹੈ। ਇਸ ਐਵਾਰਡ ਦਾ ਐਲਾਨ ਇੰਡੀਆ ਹੈਬਿਟੇਟ ਸੈਂਟਰ ਵਿੱਚ 'ਨਿਊਨਤਮ ਸਰਕਾਰ, ਅਧਿਕਤਮ ਪ੍ਰਸ਼ਾਸਨ' ਵਿਸ਼ੇ ਤੇ ਆਯੋਜਿਤ 37ਵੇਂ ਸਕਾੱਚ-ਅਧਿਵੇਸ਼ਨ ਵਿੱਚ ਕੀਤਾ ਗਿਆ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀਆਂ ਜਿਹੜੀਆਂ 6 ਪਰਿਯੋਜਨਾਵਾਂ ਨੂੰ ਇਸ ਐਵਾਰਡ ਦੇ ਲਈ ਚੁਣਿਆ ਗਿਆ ਹੈ, ਉਨ੍ਹਾਂ ਵਿੱਚ 24×7 ਕਾਲ ਸੈਂਟਰ, ਵਾਈ-ਫਾਈ ਨਗਰ, ਊਰਜਾ-ਮਹਿਲਾ ਉਦੈ, ਨਾਮੇਡਿਕ ਹਾੱਟ, ਓਪਨ ਜਿਮ ਅਤੇ ਸ਼ੰਕਰ ਮਾਰਕੀਟ ਦਾ ਖ਼ੂਬਸੂਰਤੀਕਰਨ ਸ਼ਾਮਲ ਹੈ।

ਇਨ੍ਹਾਂ 6 ਪਰਿਯੋਜਨਾਵਾਂ ਵਿੱਚ 24×7 ਕਾਲ ਸੈਂਟਰ, ਵਾਈ-ਫਾਈ ਨਗਰ, ਊਰਜਾ-ਮਹਿਲਾ ਉਦੈ ਅਤੇ ਨਾਮੇਡਿਕ ਹਾੱਟ ਦੀਆਂ ਪਰਿਯੋਜਨਾਵਾਂ ਨੂੰ 20 ਸਤੰਬਰ, 2014 ਨੂੰ 'ਸਕਾੱਚ ਐਵਾਰਡ ਫਾਰ ਐਕਸੀਲੈਂਸ-2014' ਨਾਲ ਸਨਮਾਨਿਤ ਕੀਤਾ ਗਿਆ ਹੈ।

**24×7 ਕਾਲ ਸੈਂਟਰ :-**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਆਪਣੇ ਹੈੱਡ ਆਫ਼ਿਸ ਪਾਲਿਕਾ ਕੇਂਦਰ ਵਿੱਚ 24×7 ਕਾਲ ਸੈਂਟਰ ਤੋਂ ਇਕ ਜਨ-ਸ਼ਿਕਾਇਤ ਸਮਾਧਾਨ ਕੇਂਦਰ ਨੂੰ ਸ਼ੁਰੂ ਕੀਤਾ ਹੈ। ਇਹ ਕੇਂਦਰ ਲੋਕ ਸ਼ਿਕਾਇਤ ਦੇ ਹੱਲ ਦੇ ਲਈ 24 ਘੰਟੇ ਅਤੇ 7 ਦਿਨਾਂ ਵਿੱਚ ਕਾਲ ਸੈਂਟਰ ਦੇ ਰੂਪ ਵਿੱਚ ਕੰਮ ਕਰ ਰਿਹਾ ਹੈ।

**ਵਾਈ-ਫਾਈ ਨਗਰ :-**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਖ਼ਾਨ ਮਾਰਕੀਟ ਅਤੇ ਕਨਾਟ ਪਲੇਸ ਖੇਤਰਾਂ ਵਿੱਚ ਵਾਈ-ਫਾਈ ਸੁਵਿਧਾ ਦੀ ਸ਼ੁਰੂਆਤ ਕੀਤੀ ਹੈ। ਪਾਲਿਕਾ ਪਰੀਸ਼ਦ ਨੇ ਇਨ੍ਹਾਂ ਖੇਤਰਾਂ ਵਿੱਚ ਬਿਨਾਂ ਤਾਰ ਦੇ ਇੰਟਰਨੈੱਟ ਸੁਵਿਧਾ ਉਪਲਬਧ ਕਰਾਉਣ ਦੇ ਲਈ ਇਨ੍ਹਾਂ ਖੇਤਰਾਂ ਨੂੰ ਵਾਈ-ਫਾਈ ਜ਼ੋਨ ਦੇ ਰੂਪ ਵਿੱਚ ਵਿਕਸਿਤ ਕੀਤਾ ਹੈ।

**ਊਰਜਾ :-**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਆਪਣੇ ਖੇਤਰ ਵਿੱਚ ਦੁਖੀ, ਉਪੇਖਿਤ ਅਤੇ ਜ਼ਰੂਰਤਮੰਦ ਔਰਤਾਂ ਦੀ ਦਸ਼ਾ ਨੂੰ ਸੁਧਾਰਨ ਦੇ ਲਈ ਊਰਜਾ ਨਾਂ ਨਾਲ ਇਕ ਪਰਿਯੋਜਨਾ ਦੀ ਸ਼ੁਰੂਆਤ ਕੀਤੀ ਹੈ। ਇਸ ਦੇ ਅੰਤਰਗਤ 30 ਔਰਤਾਂ ਨੇ ਪਾਲਿਕਾ ਪਰੀਸ਼ਦ ਕਰਮਚਾਰੀਆਂ ਦੇ ਲਈ ਇਕ ਟਿਫਨ ਸਿਸਟਮ ਨੂੰ ਚਾਲੂ ਕੀਤਾ ਹੈ। ਇਸ ਪਰਿਯੋਜਨਾ ਵਿੱਚ ਇਸ ਦੇ ਇਲਾਵਾ ਇਹ ਔਰਤਾਂ ਰੋਜ਼ਾਨਾ ਦੀਆਂ ਜ਼ਰੂਰਤਾਂ ਜਿਵੇਂ ਪਾਪੜ, ਅਚਾਰ, ਮਸਾਲੇ ਆਦਿ ਦਾ ਵੀ ਉਤਪਾਦਨ ਅਤੇ ਵਿਕਰੀ ਕਰਦੀਆਂ ਹਨ।

**ਨਾਮੇਡਿਕ ਹਾੱਟ :-**ਕਨਾਟ ਪਲੇਸ ਵਿੱਚ ਬਾਬਾ ਖੜਕ ਸਿੰਘ ਮਾਰਗ ਦੇ ਨੇੜੇ ਹਨੂੰਮਾਨ ਮੰਦਰ ਦੇ ਸਾਹਮਣੇ ਇਕ ਸਬ-ਵੇ ਵਿੱਚ ਨਾਮੇਡਿਕ ਹਾੱਟ ਦੀ ਸਥਾਪਨਾ ਕੀਤੀ ਗਈ ਹੈ। ਇਸ ਹਾੱਟ ਦਾ ਮਿਸ਼ਨ ਆਦਿਵਾਸੀ ਅਤੇ ਖ਼ਾਨਾਬਦੋਸ਼ ਬੰਜਾਰਾ, ਕਾਲਬੇਲੀਆ, ਬਾਵਰੀਆ, ਭੋਪਾ, ਜੋਗੀ, ਕਲੰਦਰਾਂ, ਗਾਡੀਆ ਲੁਹਾਰ ਅਤੇ ਰਾਇਬਰੀ ਸਮੂਹਾਂ ਦੀਆਂ ਕਲਾ ਅਤੇ ਸੱਭਿਆਚਾਰ ਨੂੰ ਮਜ਼ਬੂਤ ਅਤੇ ਰਹਿਣ-ਸਹਿਣ ਦੀਆਂ ਗਤੀਵਿਧੀਆਂ ਵਿੱਚ ਜੋੜਿਆ ਹੋਇਆ ਹੈ।

**ਓਪਨ ਜਿਮ :-**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਆਪਣੇ ਖੇਤਰ ਦੇ ਵਸਨੀਕਾਂ ਦੇ ਲਈ ਇਕ ਸਿਹਤਕਾਰਕ ਯੋਜਨਾ ਦੀ ਸ਼ੁਰੂਆਤ ਕੀਤੀ ਹੈ। ਪਾਲਿਕਾ ਪਰੀਸ਼ਦ ਖੇਤਰ ਵਿੱਚ ਸਥਿਤ ਪਾਰਕਾਂ ਵਿੱਚ ਵਾਤਾਵਰਣ ਅਨੁਕੂਲ ਓਪਨ ਜਿਮ ਸਥਾਪਤ ਕੀਤੇ ਗਏ ਹਨ, ਜਿਸ ਵਿੱਚ ਸਭ ਤਰ੍ਹਾਂ ਦੀਆਂ ਸੁਵਿਧਾਵਾਂ ਉਪਲਬਧ ਕਰਾਈਆਂ ਗਈਆਂ ਹਨ ਅਤੇ ਇਹ ਸਾਰੀਆਂ ਸੁਵਿਧਾਵਾਂ ਸਾਰੇ ਵਸਨੀਕਾਂ ਦੀ ਵਰਤੋਂ ਦੇ ਲਈ ਸਮਾਨ ਰੂਪ ਨਾਲ ਉਪਲਬਧ ਹਨ।

**ਸ਼ੰਕਰ ਮਾਰਕੀਟ ਦੀ ਖ਼ੂਬਸੂਰਤੀ ਵਿੱਚ ਵਾਧਾ :-**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਆਪਣੀ ਇਕ ਪਰਿਯੋਜਨਾ ਦੇ ਅੰਤਰਗਤ ਸ਼ੰਕਰ ਮਾਰਕੀਟ ਦੀਆਂ ਬਾਹਰੀ ਦੀਵਾਰਾਂ ਨੂੰ ਕਲਾਕਾਰਾਂ ਦੀ ਮਦਦ ਨਾਲ ਰੰਗਾਰੰਗ ਖ਼ੂਬਸੂਰਤੀਕਾਰੀ ਕਲਾਤਮਕ ਰੰਗਾਂ ਨਾਲ ਰੰਗਿਆ ਹੈ।

—o—

# ਪਰੀਸ਼ਦ ਗਤੀਵਿਧੀਆਂ






**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਦੀ ਸਮਾਰੋਹ ਦੇ ਅੰਤਰਗਤ ਰਾਸ਼ਟਰੀ ਕਲਾ ਪ੍ਰਦਰਸ਼ਨੀ :–** ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ 25 ਸਤੰਬਰ, 2014 ਨੂੰ ਰਫੀ ਮਾਰਗ ਸਥਿਤ ਆਈਫੈਕਸ ਗੈਲਰੀ ਵਿੱਚ ਇਕ ਰਾਸ਼ਟਰੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ। ਇਸ ਮੌਕੇ ਤੇ ਪ੍ਰਸਿੱਧ ਕਲਾਕਾਰ ਪਦਮਭੂਸ਼ਣ, ਸ੍ਰੀ ਸਤੀਸ਼ ਗੁਜਰਾਲ ਵੀ ਮੌਜੂਦ ਸਨ। ਇਸ ਕਲਾ ਪ੍ਰਦਰਸ਼ਨੀ ਦਾ ਆਯੋਜਨ ਪਾਲਿਕਾ ਪਰੀਸ਼ਦ ਵੱਲੋਂ ਸਦੀ ਸਮਾਰੋਹ ਦੇ ਅੰਤਰਗਤ ਕੀਤਾ ਗਿਆ। ਇਸ ਮੌਕੇ ਤੇ ਸ੍ਰੀ ਬੀ.ਐਸ. ਭਾਟੀ, ਪਾਲਿਕਾ ਪਰੀਸ਼ਦ ਮੈਂਬਰ ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਹੋਰ ਸੀਨੀਅਰ ਅਧਿਕਾਰੀ-ਗਣ ਵੀ ਮੌਜੂਦ ਸਨ।

ਇਸ ਕਲਾ ਪ੍ਰਦਰਸ਼ਨੀ ਵਿੱਚ ਦੇਸ਼ ਦੇ ਵਿਭਿੰਨ ਭਾਗਾਂ ਤੋਂ ਆਏ ਹੋਏ ਕਲਾਕਾਰਾਂ ਵੱਲੋਂ ਨਿਰਮਿਤ ਚਿੱਤਰਕ੍ਰਿਤੀਆਂ, ਮੂਰਤੀ-ਸ਼ਿਲਪ, ਫੋਟੋਗ੍ਰਾਫਸ, ਡਰਾਇੰਗ ਅਤੇ ਗ੍ਰਾਫਿਕਸ ਪ੍ਰਦਰਸ਼ਿਤ ਕੀਤੇ ਗਏ। ਇਸ ਕਲਾ ਪ੍ਰਦਰਸ਼ਨੀ ਵਿੱਚ ਦੇਸ਼ ਦੇ 26 ਰਾਜਾਂ ਤੋਂ 52 ਕਲਾਕਾਰਾਂ ਦੀਆਂ ਕਲਾਕਿਤ੍ਰੀਆਂ ਦਾ ਪ੍ਰਦਰਸ਼ਨ ਕੀਤਾ ਗਿਆ। ਇਨ੍ਹਾਂ 52 ਕਲਾਕਿਤ੍ਰੀਆਂ ਨੂੰ 4250 ਕਲਾ-ਕ੍ਰਿਤੀਆਂ ਵਿੱਚੋਂ ਚੁਣਿਆ ਗਿਆ ਹੈ, ਜੋ ਦੇਸ਼ ਦੇ 2200 ਕਲਾਕਾਰਾਂ ਵੱਲੋਂ ਭੇਜੀਆਂ ਗਈਆਂ ਸਨ। ਇਸ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕੀਤੀਆਂ ਗਈਆਂ ਸਰਬ-ਸ੍ਰੇਸ਼ਠ ਕਲਾ-ਕ੍ਰਿਤੀਆਂ ਦੇ ਲਈ 26 ਇਨਾਮ 25-25 ਹਜ਼ਾਰ ਰੁਪਏ ਦੇ, ਜਿਨ੍ਹਾਂ ਵਿੱਚ ਇਕ ਚੇਅਰਮੈਨ ਪੁਰਸਕਾਰ ਵੀ ਸ਼ਾਮਲ ਸੀ। ਇਸ ਦੇ ਇਲਾਵਾ 10-10 ਹਜ਼ਾਰ ਰੁਪਏ ਦੇ ਵੀ 26 ਇਨਾਮ ਰੱਖੇ ਗਏ।

ਇਸ ਮੌਕੇ ਤੇ ਪਾਲਿਕਾ ਪਰੀਸ਼ਦ ਦੇ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਨੇ ਦੇਸ਼ ਭਰ ਤੋਂ ਆਏ ਹੋਏ ਕਲਾਕਾਰਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਇਸ ਪ੍ਰਦਰਸ਼ਨੀ ਦੇ ਆਯੋਜਨ ਦਾ ਮਕਸਦ ਯੁਵਾ ਅਤੇ ਨਵੇ ਕਲਾਕਾਰਾਂ ਨੂੰ ਆਪਣੀ ਕਲਾ ਨੂੰ ਪ੍ਰਦਰਸ਼ਨ ਦੇ ਲਈ ਇਕ ਰਾਸ਼ਟਰੀ ਪੱਧਰ ਦਾ ਮੰਚ ਪ੍ਰਦਾਨ ਕਰਨਾ ਹੈ। ਸ੍ਰੀ ਜਲਜ ਸ੍ਰੀਵਾਸਤਵ ਨੇ ਕਿਹਾ ਕਿ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇਸ਼ ਵਿੱਚ ਕਲਾ ਅਤੇ ਸੱਭਿਆਚਾਰ ਦੀ ਹਿਫ਼ਾਜ਼ਤ ਕਰਨ ਵਾਲੀ ਇਕ ਹਿਤੈਸ਼ੀ ਨਗਰ ਪਾਲਿਕਾ ਦੇ ਰੂਪ ਵਿੱਚ ਪਹਿਚਾਣ ਬਣਾਉਣਾ ਚਾਹੁੰਦੀ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਰਾਜ ਪੱਧਰ ਤੇ ਪਾਲਿਕਾ ਪਰੀਸ਼ਦ ਵੱਲੋਂ ਅਪ੍ਰੈਲ, 2014 ਵਿੱਚ ਆਯੋਜਿਤ ਕੀਤੀ ਗਈ ਪ੍ਰਦਰਸ਼ਨੀ ਦਾ ਹੀ ਇਹ ਰਾਸ਼ਟਰ ਪੱਧਰੀ ਸਰੂਪ ਹੈ। ਇਹ ਰਾਸ਼ਟਰੀ ਪ੍ਰਦਰਸ਼ਨੀ ਤਾਲਕਟੋਰਾ ਸਟੇਡੀਅਮ ਦੇ ਫੇਸਲਿਟੀ ਬਲਾਕ ਵਿੱਚ 26 ਤੋਂ 30 ਸਤੰਬਰ, 2014 ਤੱਕ ਆਯੋਜਿਤ ਕੀਤੀ ਗਈ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਦੁਰਗਾ ਪੂਜਾ ਉਤਸਵ ਦੇ ਦੌਰਾਨ 'ਨ੍ਰਿਤ ਦਰਪਣ' ਨਾਂ ਨਾਲ ਇਕ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ। 25 ਸਤੰਬਰ, 2014 ਨੂੰ ਇਸ ਪ੍ਰੋਗਰਾਮ ਦੀ ਕੜੀ ਵਿੱਚ ਪੰਡਤ ਜੈ ਕ੍ਰਿਸ਼ਨ ਮਹਾਰਾਜ ਦੇ ਚੇਲਿਆਂ ਵੱਲੋਂ ਇਕ ਕੱਥਕ ਸੰਧਿਆ ਦਾ ਆਯੋਜਨ ਪਾਲਿਕਾ ਪਰੀਸ਼ਦ ਸਭਾਗਾਰ, ਜੈ ਸਿੰਘ ਰੋਡ ਤੇ ਕੀਤਾ ਗਿਆ।

—o—




**ਕਨਾਟ ਪਲੇਸ ਵਿੱਚ ਰਾਹਗੀਰੀ ਪ੍ਰੋਗਰਾਮ ਦੇ ਅੰਤਰਗਤ ਗਾਂਧੀਗੀਰੀ ਦਾ ਆਯੋਜਨ :**–ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਸਕੂਲਾਂ ਦੇ ਬੱਚਿਆਂ ਨੇ 28 ਸਤਬੰਰ, 2014 ਨੂੰ 'ਸਵੱਛ ਭਾਰਤ ਮੁਹਿੰਮ' ਦੇ ਪ੍ਰਤੀ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਕਨਾਟ ਪਲੇਸ ਵਿੱਚ 'ਰਾਹਗੀਰੀ ਪ੍ਰੋਗਰਾਮ' ਵਿੱਚ ਇਕ ਰੈਲੀ ਦਾ ਆਯੋਜਨ ਕੀਤਾ। ਇਸ ਰੈਲੀ ਨੂੰ ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਣ ਮੰਤਰੀ ਡਾ. ਹਰਸ਼ਵਰਧਨ ਨੇ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ। ਇਸ ਮੌਕੇ ਤੇ ਡਾ. ਹਰਸ਼ਵਰਧਨ ਨੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੂੰ ਰਾਹਗੀਰੀ ਵਰਗੇ ਹਫ਼ਤਾਵਾਰੀ ਲੋਕਪ੍ਰਿਯ ਪ੍ਰੋਗਰਾਮ ਦੇ ਆਯੋਜਨ ਦੇ ਲਈ ਵਧਾਈ ਦਿੱਤੀ ਅਤੇ ਨਾਲ ਹੀ ਕਿਹਾ ਕਿ ਉਹ ਹੁਣ ਲਗਭਗ ਹਰ ਐਤਵਾਰ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣਗੇ। ਪਾਲਿਕਾ ਪਰੀਸ਼ਦ ਸਕੂਲਾਂ ਦੇ ਬੱਚਿਆਂ ਅਤੇ 40 ਸੁਰੱਖਿਆ ਗਾਰਡਾਂ ਨੇ ਇਸ ਰਾਹਗੀਰੀ ਪ੍ਰੋਗਰਾਮ ਦੇ ਅੰਤਰਗਤ ਗਾਂਧੀਗੀਰੀ ਦਾ ਵੀ ਆਯੋਜਨ ਕੀਤਾ। ਇਸ ਵਿੱਚ ਸੁਰੱਖਿਆ ਗਾਰਡਾਂ ਨੇ "ਕੀ ਮੈਂ ਆਪ ਦੀ ਮਦਦ ਕਰ ਸਕਦਾ ਹਾਂ" ਲਿਖੀਆਂ ਪੱਟੀਆਂ ਪਹਿਨ ਰੱਖੀਆਂ ਸਨ। ਉਨ੍ਹਾਂ ਨੇ ਇਸ ਪ੍ਰੋਗਰਾਮ ਵਿੱਚ ਕੂੜਾ ਫੈਲਾਉਣ ਵਾਲਿਆਂ ਨੂੰ ਫੁੱਲ ਦੇ ਕੇ ਸ਼ਰਮਿੰਦਾ ਕੀਤਾ ਅਤੇ ਉਨ੍ਹਾਂ ਦੀਆਂ ਫੋਟੋਆਂ ਵੀ ਖਿੱਚੀਆਂ। ਉਨ੍ਹਾਂ ਨੇ ਉਨ੍ਹਾਂ ਨੂੰ ਇਹ ਵੀ ਸੰਦੇਸ਼ ਦਿੱਤਾ ਕਿ ਉਹ ਅੱਗੇ ਤੋਂ ਕੂੜਾ-ਗੰਦਗੀ ਨਾ ਫੈਲਾਉਣ।

—o—

# ਪਰੀਸ਼ਦ ਗਤੀਵਿਧੀਆਂ





**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਖੇਤਰ ਵਿੱਚ 'ਸਵੱਛ ਭਾਰਤ ਮੁਹਿੰਮ' ਦੀ ਸ਼ੁਰੂਆਤ :–**ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ 2 ਅਕਤੂਬਰ, 2014 ਨੂੰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਖੇਤਰ ਸਥਿਤ ਵਾਲਮੀਕੀ ਸਦਨ, ਮੰਦਿਰ ਮਾਰਗ ਤੋਂ 'ਸਵੱਛ ਭਾਰਤ ਮੁਹਿੰਮ' ਦੀ ਸ਼ੁਰੂਆਤ ਕੀਤੀ।

ਇਸ ਮੌਕੇ ਤੇ ਸ੍ਰੀ ਨਰੇਂਦਰ ਮੋਦੀ ਨੇ ਵਾਲਮੀਕੀ ਸਦਨ ਸਥਿਤ ਉਸ ਸਥਾਨ ਦਾ ਵੀ ਦੌਰਾ ਕੀਤਾ ਜਿੱਥੇ ਗਾਂਧੀ ਜੀ ਰਿਹਾ ਕਰਦੇ ਸਨ। ਇਸ ਮੌਕੇ ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਵੀ ਹੋਰ ਅਨੇਕਾਂ ਹਸਤੀਆਂ ਦੇ ਨਾਲ ਮੌਜੂਦ ਸਨ। 'ਸਵੱਛ ਭਾਰਤ ਮੁਹਿੰਮ' ਦੇ ਮੌਕੇ ਤੇ ਵਾਲਮੀਕੀ ਸਦਨ ਤੇ ਮਾਣਯੋਗ ਪ੍ਰਧਾਨ ਮੰਤਰੀ ਦੇ ਨਾਲ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਸਕੂਲਾਂ ਦੇ 152 ਵਿਦਿਆਰਥੀਆਂ ਅਤੇ 50 ਸਿਹਤ ਕਰਮਚਾਰੀਆਂ ਨੇ ਵੀ ਹਿੱਸਾ ਲਿਆ।

ਮਾਣਯੋਗ ਪ੍ਰਧਾਨ ਮੰਤਰੀ ਵੱਲੋਂ 'ਸਵੱਛ ਭਾਰਤ ਮੁਹਿੰਮ' ਨੂੰ ਪੂਰੇ ਦੇਸ਼ ਦੇ ਲਈ ਸ਼ੁਰੂਆਤ ਕਰਨ ਦੇ ਮੌਕੇ ਤੇ ਰਾਜਪਥ ਤੇ ਆਯੋਜਿਤ ਕੀਤੀ ਗਈ ਵਾਕਥਾਨ ਰੈਲੀ ਵਿੱਚ ਵੀ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਸਕੂਲਾਂ ਦੇ 2000 ਬੱਚਿਆਂ ਨੇ ਹਿੱਸਾ ਲਿਆ। ਇਸ ਰੈਲੀ ਦੇ ਬਾਅਦ ਵਿਦਿਆਰਥੀਆਂ ਨੇ ਰਾਜਪਥ ਅਤੇ ਉਸ ਨਾਲ ਜੁੜੇ ਹੋਏ ਮਾਰਗਾਂ ਤੇ ਲਗਭਗ 4 ਕਿਲੋਮੀਟਰ ਤੱਕ ਸਫ਼ਾਈ ਮੁਹਿੰਮ ਵੀ ਚਲਾਈ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਬਾਗ਼ਬਾਨੀ ਵਿਭਾਗ ਵੱਲੋਂ ਇਸ ਸਵੱਛਤਾ ਮੁਹਿੰਮ ਦੇ ਅੰਤਰਗਤ ਰਾਜਪਥ ਅਤੇ ਉਸ ਨਾਲ ਜੁੜੇ ਮਾਰਗਾਂ ਤੇ 72 ਥਾਂਵਾਂ ਤੇ ਗਾਂਧੀ ਜੀ ਦੀ ਚਿੱਤਰ ਆਕ੍ਰਿਤੀ ਚਿੰਨ੍ਹਿਤ ਫੁੱਲਾਂ ਨਾਲ ਸਜੇ ਹੋਏ ਬੋਰਡ ਲਗਾਏ। ਇਸ ਤੋਂ ਇਲਾਵਾ 19 ਗੋਲ ਚੁਰਾਹਿਆਂ ਤੇ ਫੁੱਲਾਂ ਦੇ ਫੱਵਾਰੇ ਅਤੇ 15 ਥਾਂਵਾਂ ਤੇ ਫੁੱਲਾਂ ਨਾਲ ਬਣੀਆਂ ਪਸ਼ੂ-ਪੰਛੀਆਂ ਦੀਆਂ ਆਕ੍ਰਿਤੀਆਂ ਵੀ ਲਗਾਈਆਂ ਗਈਆਂ। ਪਾਲਿਕਾ ਪਰੀਸ਼ਦ ਦੇ ਪਾਰਕਾਂ ਅਤੇ ਬਾਗ਼ਾਂ ਵਿੱਚ ਵੀ ਸਫ਼ਾਈ ਮੁਹਿੰਮ ਚਲਾਈ ਗਈ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਪਾਲਿਕਾ ਪਰੀਸ਼ਦ ਹੈੱਡ ਆਫ਼ਿਸ ਵਿੱਚ 2 ਅਕਤੂਬਰ, 2014 ਨੂੰ ਸਾਰੇ ਪਾਲਿਕਾ ਕਰਮਚਾਰੀਆਂ ਨੂੰ ਸਵੱਛਤਾ ਮੁਹਿੰਮ ਦੇ ਅੰਤਰਗਤ 'ਸਵੱਛ ਭਾਰਤ ਮੁਹਿੰਮ' ਬਣਾਉਣ ਦੀ ਸਹੁੰ ਦਿਵਾਈ ਅਤੇ ਪਾਲਿਕਾ ਪਰੀਸ਼ਦ ਦੇ ਸਾਰੇ ਆਫ਼ਿਸਾਂ ਦੀ ਸਫ਼ਾਈ ਦੇ ਲਈ ਇਕ ਮੁਹਿੰਮ ਦੀ ਸ਼ੁਰੂਆਤ ਕੀਤੀ।

—o—

# ਪਰੀਸ਼ਦ ਗਤੀਵਿਧੀਆਂ





**ਸ੍ਰੀ ਵੈਂਕਈਆ ਨਾਇਡੂ ਵੱਲੋਂ ਦੋ ਸਾਰਵਜਨਿਕ ਪਖਾਨਿਆਂ ਦਾ ਕਾਲੀਬਾੜੀ ਮਾਰਗ ਸਥਿਤ ਝੁੱਗੀ ਬਸਤੀਆਂ ਵਿੱਚ ਉਦਘਾਟਨ :-**ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਵੈਂਕਈਆ ਨਾਇਡੂ ਨੇ 28 ਅਕਤੂਬਰ, 2014 ਨੂੰ ਕਾਲੀਬਾੜੀ ਮਾਰਗ ਸਥਿਤ ਦੋ ਝੁੱਗੀ ਬਸਤੀਆਂ ਵਿੱਚ ਦੋ ਸਾਰਵਜਨਿਕ ਪਖਾਨਿਆਂ ਬਲਾਕਾਂ ਦਾ ਉਦਘਾਟਨ ਕੀਤਾ। ਇਨ੍ਹਾਂ ਸਾਰਵਜਨਿਕ ਪਖਾਨਿਆਂ ਬਲਾਕਾਂ ਦਾ ਨਿਰਮਾਣ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ 12.50 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਗਿਆ। ਇਨ੍ਹਾਂ ਦੋਨਾਂ ਬਲਾਕਾਂ ਵਿੱਚ ਕੁਲ 17 ਪਖਾਨੇ ਬਣਾਏ ਗਏ ਹਨ। ਪਖਾਨਿਆਂ ਦਾ ਨਿਰਮਾਣ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਵੱਲੋਂ 2 ਅਕਤੂਬਰ, 2014 ਨੂੰ ਸ਼ੁਰੂਆਤ ਕੀਤੇ ਗਏ 'ਸਵੱਛ ਭਾਰਤ ਮੁਹਿੰਮ' ਮਿਸ਼ਨ ਦੇ ਅੰਤਰਗਤ ਕੀਤਾ ਗਿਆ ਹੈ।

ਪਹਿਲੇ ਪਖਾਨੇ ਬਲਾਕ ਵਿੱਚ 7 ਪਖਾਨੇ ਬਣਾਏ ਗਏ ਹਨ ਜਿਨ੍ਹਾਂ ਦੀ ਵਰਤੋਂ ਜੇ.ਜੇ. ਕਲਾਸਟਰ ਨੰਬਰ 31 ਦੇ ਵਸਨੀਕ ਕਰਨਗੇ, ਉੱਥੇ ਦੂਜੇ ਪਾਸੇ ਦੂਜੇ ਬਲਾਕ ਵਿੱਚ 10 ਪਖਾਨਿਆਂ ਦੀ ਵਰਤੋਂ ਜੇ.ਜੇ. ਕਲਾਸਟਰ ਨੰਬਰ 33 ਦੇ ਵਸਨੀਕ ਕਰਨਗੇ। ਇਨ੍ਹਾਂ ਝੁੱਗੀ-ਬਸਤੀਆਂ ਵਿੱਚ ਕੁਲ 160 ਝੁੱਗੀਆਂ ਹਨ, ਜਿਨ੍ਹਾਂ ਵਿੱਚ ਲਗਭਗ 3000 ਲੋਕ ਰਹਿੰਦੇ ਹਨ। ਇਨ੍ਹਾਂ ਪਖਾਨੇ ਬਲਾਕਾਂ ਵਿੱਚ 8 ਪਖਾਨੇ ਔਰਤਾਂ ਦੇ ਲਈ ਅਤੇ 2 ਪਖਾਨੇ ਵਿਕਲਾਂਗ ਵਿਅਕਤੀਆਂ ਦੇ ਲਈ ਬਣਾਏ ਗਏ ਹਨ।

ਇੱਥੋਂ ਦੇ ਵਸਨੀਕਾਂ ਨੂੰ ਸੰਬੋਧਿਤ ਕਰਦੇ ਹੋਏ ਸ੍ਰੀ ਨਾਇਡੂ ਨੇ ਕਿਹਾ ਕਿ ਇਹ ਜੇ.ਜੇ. ਕਲਸਟਰ 30 ਸਾਲ ਤੋਂ ਇੱਥੇ ਸਥਾਪਤ ਹਨ ਅਤੇ ਇੱਥੇ ਕੇਵਲ ਇਕ ਮੋਬਾਈਲ ਪਖਾਨਾ ਖੰਡ ਦੇ ਇਲਾਵਾ 8 ਪਖਾਨੇ ਹੀ ਬਣੇ ਹੋਏ ਸਨ। ਉਨ੍ਹਾਂ ਨੇ ਅੱਗੋਂ ਕਿਹਾ ਕਿ 'ਸਵੱਛ ਭਾਰਤ ਮੁਹਿੰਮ' ਦੇ ਇਕ ਮਹੀਨੇ ਦੇ ਅੰਦਰ ਹੀ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਨੇ ਜੋ ਇੱਥੇ 17 ਪਖਾਨਿਆਂ ਦਾ ਨਿਰਮਾਣ ਕੀਤਾ ਹੈ, ਇਹ ਮਿਸ਼ਨ ਦੇ ਪ੍ਰਭਾਵ ਦਾ ਇਕ ਚੰਗਾ ਸਬੂਤ ਹੈ।

'ਸਵੱਛ ਭਾਰਤ ਮਿਸ਼ਨ' ਦੇ ਅੰਤਰਗਤ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ, ਡੀ.ਡੀ.ਏ. ਅਤੇ ਹੋਰ ਤਿੰਨ ਨਗਰ ਨਿਗਮਾਂ ਦੇ ਉੱਦਮਾਂ ਦਾ ਉੱਲੇਖ ਕਰਦੇ ਹੋਏ ਸ੍ਰੀ ਵੈਂਕਈਆ ਨਾਇਡੂ ਨੇ ਕਿਹਾ ਕਿ ਸਾਰੇ ਉੱਦਮ 'ਜ਼ੀਰੋ ਵੈਸਟ ਮੈਨੇਜਮੈਂਟ' ਦੀ ਦਿਸ਼ਾ ਵਿੱਚ ਕੀਤੇ ਜਾ ਰਹੇ ਹਨ। ਇਸ ਦੇ ਅੰਤਰਗਤ ਸਭ ਤਰ੍ਹਾਂ ਦਾ ਘਰੇਲੂ ਕੂੜਾ ਸੌ ਪ੍ਰਤੀਸ਼ਤ ਘਰ-ਘਰ ਤੋਂ ਹੀ ਇਕੱਠਾ ਕੀਤਾ ਜਾਵੇਗਾ ਅਤੇ ਇਸ ਨੂੰ ਅਲੱਗ-ਅਲੱਗ ਕਰਕੇ ਰੀ-ਸਾਈਕਲ ਵੀ ਕੀਤਾ ਜਾਵੇਗਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਗਿਆਨਕ ਢੰਗ ਨਾਲ ਇਕੱਠਾ ਅਤੇ ਉਸ ਦਾ ਵਾਜਿਬ ਪ੍ਰਬੰਧ ਕਰਨ ਨਾਲ ਕੂੜੇ ਨੂੰ ਇਕ ਸੰਸਾਧਨ ਦੇ ਰੂਪ ਵਿੱਚ ਫਿਰ ਤੋਂ ਇਸਤੇਮਾਲ ਵਿੱਚ ਲਿਆਂਦਾ ਜਾ ਸਕਦਾ ਹੈ।

ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਸਕੱਤਰ ਸ੍ਰੀ ਸ਼ੰਕਰ ਅਗਰਵਾਲ ਅਤੇ ਕੇਂਦਰੀ ਸ਼ਹਿਰੀ ਵਿਕਾਸ ਮੰਤਰਾਲੇ ਦੇ ਅਤਿਰਿਕਤ ਸੱਕਤਰ ਸ੍ਰੀ ਡੀ.ਐਮ. ਮਿਸ਼ਰਾ, ਦਿੱਲੀ ਸਰਕਾਰ ਦੇ ਸ਼ਹਿਰੀ ਵਿਕਾਸ ਸਕੱਤਰ ਸ੍ਰੀ ਰਾਜਿੰਦਰ ਕੁਮਾਰ ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀ ਪ੍ਰਧਾਨ ਸ੍ਰੀਮਤੀ ਸ਼ਕੁੰਤਲਾ ਡੀ. ਗੈਮਲੀਨ ਵੀ ਇਸ ਪ੍ਰੋਗਰਾਮ ਵਿੱਚ ਮੌਜੂਦ ਸਨ। ਇਸ ਮੌਕੇ ਤੇ ਨਵੀਂ ਦਿੱਲੀ ਦੀ ਐਮ.ਪੀ. ਸ੍ਰੀਮਤੀ ਮੀਨਾਕਸ਼ੀ ਲੇਖੀ, ਪਾਲਿਕਾ ਪਰੀਸ਼ਦ ਦੇ ਮੀਤ-ਪ੍ਰਧਾਨ ਸ੍ਰੀ ਕਰਨ ਸਿੰਘ ਤੰਵਰ, ਪਾਲਿਕਾ ਪਰੀਸ਼ਦ ਮੈਂਬਰ ਸ੍ਰੀਮਤੀ ਅਨੀਤਾ ਆਰੀਆ, ਸ੍ਰੀ ਬੀ.ਐਸ. ਭਾਟੀ , ਸ੍ਰੀ ਅਬਦੁਲ ਰਸ਼ੀਦ ਅੰਸਾਰੀ ਵੀ ਮੌਜੂਦ ਸਨ।

—o—

# ਪਰੀਸ਼ਦ ਗਤੀਵਿਧੀਆਂ






**'ਵਿਜ਼ੀਲੈਂਸ ਜਾਗਰੂਕਤਾ ਹਫ਼ਤਾ' ਦੇ ਅੰਤਰਗਤ ਸੈਮੀਨਾਰ :–**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਵਿਜ਼ੀਲੈਂਸ ਜਾਗਰੂਕਤਾ ਹਫ਼ਤੇ ਦੇ ਅੰਤਰਗਤ 31 ਅਕਤੂਬਰ, 2014 ਨੂੰ ਇਕ ਸੈਮੀਨਾਰ – 'ਟੈਕਨਾਲੋਜੀ ਦੇ ਸੰਬਲ ਦੇ ਮਾਧਿਅਮ ਨਾਲ ਭ੍ਰਿਸ਼ਟਾਚਾਰ ਨਾਲ ਮੁਕਾਬਲਾ' ਵਿਸ਼ੇ ਤੇ ਪਰੀਸ਼ਦ ਸਭਾਗਾਰ ਵਿੱਚ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਨੂੰ ਉੱਤਰਾਖੰਡ ਲੋਕ ਸੇਵਾ ਆਯੋਗ ਦੇ ਮੈਂਬਰ ਸ੍ਰੀ ਦਿਨੇਸ਼ ਭੱਟ ਅਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਵਿਧੀ ਸਲਾਹਕਾਰ ਸ੍ਰੀ ਟੀ.ਕੇ. ਸਾਨਿਆਲ ਨੇ ਸੰਬੋਧਿਤ ਕੀਤਾ। ਇਸ ਮੌਕੇ ਤੇ ਸ੍ਰੀ ਭੱਟ ਅਤੇ ਸ੍ਰੀ ਸਾਨਿਆਲ ਨੇ ਭ੍ਰਿਸ਼ਟਾਚਾਰ ਨਾਲ ਮੁਕਾਬਲਾ ਕਰਨ ਦੇ ਲਈ ਟੈਕਨਾਲੋਜੀ ਦੀ ਵਰਤੋਂ ਦੀ ਵਕਾਲਤ ਕਰਦੇ ਹੋਏ ਕਿਹਾ ਕਿ ਈ. ਗਵਰਨੈਂਸ, ਵੇਬ ਆਧਾਰਿਤ ਟੈਕਨਾਲੋਜੀ ਅਤੇ ਪਾਰਦਰਸ਼ਿਤਾ ਕਾਰਕ ਨੀਤੀਆਂ ਨਾਲ ਜਨਤਾ ਨੂੰ ਪ੍ਰਭਾਵਸ਼ਾਲੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ।

ਸੈਮੀਨਾਰ ਨੂੰ ਸੰਬੋਧਿਤ ਕਰਦੇ ਹੋਏ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਵਿੱਤੀ ਸਲਾਹਕਾਰ ਅਤੇ ਸਕੱਤਰ ਕੁਮਾਰ ਰਿਸ਼ੀਕੇਸ਼ ਨੇ ਦੱਸਿਆ ਕਿ ਦੇਸ਼ ਦੇ ਅੰਦਰ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਹੀ ਸਭ ਤੋਂ ਪਹਿਲਾ ਅਦਾਰਾ ਹੈ ਜਿਸ ਨੇ 'ਸੱਤਿਆ, ਨਿਸ਼ਠਾ ਸਮਝੌਤਾ ਪ੍ਰੋਗਰਾਮ' ਤੇ ਹਸਤਾਖ਼ਰ ਕਰਕੇ, ਇਸ ਨੂੰ ਆਪਣੇ ਇੱਥੇ ਲਾਗੂ ਕੀਤਾ ਹੈ। ਇਸ ਸਮਝੌਤੇ ਨਾਲ ਉੱਚ ਮੁੱਲ ਦੀਆਂ ਨਿਵੇਦਾਵਾਂ ਵਿੱਚ ਪਾਰਦਰਸ਼ਿਤਾ ਨੂੰ ਪੱਕਾ ਕੀਤਾ ਜਾ ਰਿਹਾ ਹੈ। ਇਸ ਸੈਮੀਨਾਰ ਵਿੱਚ ਪਾਲਿਕਾ ਪਰੀਸ਼ਦ ਦੇ ਸੀਨੀਅਰ ਅਧਿਕਾਰੀਆਂ ਦੇ ਨਾਲ ਇੰਜੀਨੀਅਰ, ਡਾਕਟਰ, ਲੇਖਾਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਵੀ ਹਿੱਸਾ ਲਿਆ।

—o—

# ਪਰੀਸ਼ਦ ਗਤੀਵਿਧੀਆਂ





**ਪਿਲੰਜੀ ਪਿੰਡ ਵਿੱਚ ਹਾਈ-ਮਾਸਟ ਲਾਈਟ ਦੀ ਨੀਂਹ ਰੱਖੀ :-**ਨਵੀਂ ਦਿੱਲੀ ਦੀ ਐੱਮ.ਪੀ. ਸ੍ਰੀਮਤੀ ਮੀਨਾਕਸ਼ੀ ਲੇਖੀ ਨੇ 5 ਨਵੰਬਰ, 2014 ਨੂੰ ਸਰੋਜਨੀ ਨਗਰ ਦੇ ਨੇੜੇ ਪਿਲੰਜੀ ਪਿੰਡ ਦੇ ਦਸਹਿਰਾ ਪਾਰਕ ਵਿੱਚ ਹਾਈ-ਮਾਸਟ ਲਾਈਟ ਦੀ ਨੀਂਹ ਰੱਖੀ। ਇਸ ਮੌਕੇ ਤੇ ਸ੍ਰੀਮਤੀ ਲੇਖੀ ਨੇ ਆਸ ਪ੍ਰਗਟ ਕੀਤੀ ਕਿ ਇਸ ਹਾਈ-ਮਾਸਟ ਲਾਈਟ ਨਾਲ ਇੱਥੋਂ ਦੇ ਲੋਕਲ ਵਸਨੀਕਾਂ ਅਤੇ ਇਸ ਪਾਰਕ ਵਿੱਚ ਆਉਣ ਵਾਲਿਆਂ ਨੂੰ ਰੋਸ਼ਨੀ ਦੀ ਬੇਹਤਰ ਸੁਵਿਧਾ ਮਿਲ ਸਕੇਗੀ। ਉਨ੍ਹਾਂ ਨੇ ਇੱਥੋਂ ਦੇ ਲੋਕਲ ਵਸਨੀਕਾਂ ਨਾਲ ਇਸ ਦੀ ਦੇਖ-ਰੇਖ ਵਿੱਚ ਪਾਲਿਕਾ ਪਰੀਸ਼ਦ ਨੂੰ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ। ਇਸ ਪਾਰਕ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਚਾਰ ਮਹੀਨਿਆਂ ਵਿੱਚ ਹਾਈ-ਮਾਸਟ ਲਾਈਟ ਦੀ ਸਥਾਪਨਾ ਕਰ ਦਿੱਤੀ ਜਾਵੇਗੀ। ਇਸ ਹਾਈ-ਮਾਸਟ ਲਾਈਟ ਵਿੱਚ 16 ਐੱਲ.ਈ.ਡੀ. ਲਾਈਟਾਂ ਲੱਗੀਆਂ ਹੋਣਗੀਆਂ ਅਤੇ ਇਸ 'ਤੇ ਕੁਲ ਲਾਗਤ ਲਗਭਗ 13.95 ਲੱਖ ਰੁਪਏ ਆਏਗੀ। ਇਸ ਮੌਕੇ ਤੇ ਪਾਲਿਕਾ ਪਰੀਸ਼ਦ ਦੇ ਮੈਂਬਰ ਸ੍ਰੀ ਬੀ.ਐੱਸ ਭਾਟੀ ਦੇ ਨਾਲ ਪਾਲਿਕਾ ਪਰੀਸ਼ਦ ਦੇ ਸੀਨੀਅਰ ਅਧਿਕਾਰੀ ਅਤੇ ਲੋਕਲ ਵਸਨੀਕ ਵੀ ਮੌਜੂਦ ਸਨ।

—o—

# ਪਰੀਸ਼ਦ ਗਤੀਵਿਧੀਆਂ





**ਕੇਂਦਰੀਕ੍ਰਿਤ ਹਰਿਤ ਕੂੜਾ ਪ੍ਰਬੰਧਨ ਸੰਯੰਤਰ ਦਾ ਉਦਘਾਟਨ :-** ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਵੈਂਕਈਆ ਨਾਇਡੂ ਨੇ 11 ਨਵੰਬਰ, 2014 ਨੂੰ ਲੋਧੀ ਗਾਰਡਨ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਸਥਾਪਤ ਕੇਂਦਰੀਕ੍ਰਿਤ ਹਰਿਤ ਕੂੜਾ ਪ੍ਰਬੰਧਨ ਸੰਯੰਤਰ ਦਾ ਉਦਘਾਟਨ ਕੀਤਾ।

ਉਦਘਾਟਨ ਤੋਂ ਬਾਅਦ ਮੌਜੂਦ ਜਨਸਮੂਹ ਨੂੰ ਸੰਬੋਧਿਤ ਕਰਦੇ ਹੋਏ ਸ੍ਰੀ ਨਾਇਡੂ ਨੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਆਪਣੇ ਖੇਤਰ ਵਿੱਚ ਹਰਿਤ ਕੂੜੇ ਦੇ ਵਾਤਾਵਰਣ-ਅਨੁਕੂਲ ਨਿਪਟਾਰੇ ਦੇ ਪ੍ਰਬੰਧਨ ਦੇ ਲਈ ਇਸ ਉੱਦਮ ਦੀ ਵਡਿਆਈ ਕੀਤੀ। ਉਨ੍ਹਾਂ ਨੇ ਨੇੜੇ ਦੇ ਵਾਤਾਵਰਣ ਨੂੰ ਸਾਫ਼-ਸੁਥਰਾ ਅਤੇ ਸਵੱਛ ਰੱਖਣ ਦੇ ਲਈ ਸਮਾਜ ਵਿੱਚ ਮਾਨਸਿਕਤਾ ਪਰਿਵਰਤਨ ਲਿਆਉਣ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਾਰੇ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਭਾਰਤ ਨੂੰ ਸਵੱਛ ਅਤੇ ਹਰਾ-ਭਰਾ ਬਣਾਉਣ ਦੇ ਲਈ 'ਸਵੱਛ ਭਾਰਤ ਮਿਸ਼ਨ' ਦੇ ਜਨ-ਅੰਦੋਲਨ ਨਾਲ ਜੁੜਣ ਅਤੇ ਇਸ ਦੇ ਲਈ ਕੰਮ ਕਰਨ।

ਇਸ ਮੌਕੇ ਤੇ ਸ਼ਹਿਰੀ ਵਿਕਾਸ ਰਾਜ ਮੰਤਰੀ ਸ੍ਰੀ ਬਾਬੁਲ ਸੁਪ੍ਰਿਯੋ ਨੇ ਕਿਹਾ ਕਿ ਇਹ ਕੇਂਦਰੀਕ੍ਰਿਤ ਹਰਿਤ ਕੂੜਾ ਪ੍ਰਬੰਧਨ ਸੰਯੰਤਰ ਘੱਟ ਖ਼ਰਚੇ ਵਾਲਾ ਅਤੇ ਆਵਾਜਾਈ ਇੰਤਜ਼ਾਮ ਤੇ ਭਾਰ ਪਾਏ ਬਿਨਾਂ ਚੱਲਣ ਵਾਲਾ ਇਕ ਅਜਿਹਾ ਉਪਾਅ ਹੈ, ਜਿਸ ਵਿੱਚ ਹਰਿਤ ਕੂੜੇ ਨਾਲ ਜੈਵ-ਈਂਧਨ ਬਣਾਇਆ ਜਾਵੇਗਾ। ਉਨ੍ਹਾਂ ਨੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਇਸ ਉੱਦਮ ਨੂੰ ਭਾਰਤ ਨੂੰ ਸਵੱਛ ਅਤੇ ਹਰਾ-ਭਰਾ ਬਣਾਉਣ ਦੀ ਦਿਸ਼ਾ ਵਿੱਚ ਇਕ ਵਾਜਿਬ ਕਦਮ ਦੱਸਿਆ। ਉਨ੍ਹਾਂ ਨੇ ਇਹ ਵੀ ਕਹਿੰਦੇ ਹੋਏ ਖ਼ੁਸ਼ੀ ਪ੍ਰਗਟ ਕੀਤੀ ਕਿ ਇਹ ਉਨ੍ਹਾਂ ਦੇ ਰਾਜ ਮੰਤਰੀ ਬਣਨ ਤੋਂ ਬਾਅਦ ਕੋਈ ਪਹਿਲਾ ਸਾਰਵਜਨਿਕ ਪ੍ਰੋਗਰਾਮ ਹੈ, ਜਿਸ ਵਿੱਚ ਉਹ ਸ਼ਾਮਲ ਹੋ ਕੇ ਗੌਰਵ ਮਹਿਸੂਸ ਕਰ ਰਹੇ ਹਨ।

ਨਵੀਂ ਦਿੱਲੀ ਤੋਂ ਐੱਮ.ਪੀ. ਸ੍ਰੀਮਤੀ ਮੀਨਾਕਸ਼ੀ ਲੇਖੀ ਨੇ ਇਸ ਮੌਕੇ ਤੇ ਕਿਹਾ ਕਿ ਨਵੀਂ ਦਿੱਲੀ ਖੇਤਰ ਵਿੱਚ ਪਾਲਿਕਾ ਪਰੀਸ਼ਦ ਦੇ ਉੱਦਮਾਂ ਤੋਂ ਜਿੱਥੇ ਹਰਿਆਲੀ ਵਿੱਚ ਵਾਧਾ ਹੋਇਆ ਹੈ ਉੱਥੇ ਦੂਜੀ ਤਰ੍ਹਾਂ ਹਰਿਤ ਕਚਰਾ ਵੀ ਉੱਨੀ ਹੀ ਮਾਤਰਾ ਵਿੱਚ ਪੈਦਾ ਹੁੰਦਾ ਹੈ। ਨਵੇਂ ਲਗਾਏ ਗਏ ਇਸ ਸੰਯੰਤਰ ਨਾਲ ਇਸ ਸਮੱਸਿਆ ਦਾ ਹੱਲ ਤਾਂ ਹੋਵੇਗਾ ਹੀ ਨਾਲ ਹੀ ਇਸ ਦੇ ਮਾਧਿਅਮ ਨਾਲ ਜੈਵ-ਈਂਧਨ ਵੀ ਪੈਦਾ ਹੋਵੇਗਾ। ਇਹ ਜੈਵ-ਈਂਧਨ ਧੂੰਆਂ-ਰਹਿਤ ਖਾਣਾ ਪਕਾਉਣ ਵਿੱਚ ਇਸਤੇਮਾਲ ਕੀਤਾ ਜਾ ਸਕੇਗਾ। ਇਹ ਪ੍ਰਣਾਲੀ ਪ੍ਰਤੀਦਿਨ ਸੜਕਾਂ ਤੇ ਚਾਰ ਟਰੱਕਾਂ ਦੀ ਆਵਾਜਾਈ ਨੂੰ ਤਾਂ ਘੱਟ ਕਰੇਗੀ ਅਤੇ ਇਸ ਨਾਲ ਲੈਂਡਫਿਲ ਸਾਇਟ ਦਾ ਵੀ ਭਾਰ ਘੱਟ ਹੋਵੇਗਾ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੀਤ-ਪ੍ਰਧਾਨ ਸ੍ਰੀ ਕਰਨ ਸਿੰਘ ਤੰਵਰ ਨੇ ਇਸ ਮੌਕੇ ਤੇ ਪਾਲਿਕਾ ਪਰੀਸ਼ਦ ਦੇ ਇਸ ਉੱਦਮ ਦੀ ਵਡਿਆਈ ਕਰਦੇ ਹੋਏ ਕਿਹਾ ਕਿ ਜਨਤਾ ਨੂੰ ਕੇਂਦਰ ਵਿੱਚ ਰੱਖਦੇ ਹੋਏ ਵਾਤਾਵਰਣ ਅਨੁਕੂਲ ਕਈ ਪਰਿਯੋਜਨਾਵਾਂ ਨੂੰ ਪਾਲਿਕਾ ਪਰੀਸ਼ਦ ਖੇਤਰ ਵਿੱਚ ਜਲਦੀ ਹੀ ਲਾਗੂ ਕੀਤਾ ਜਾਵੇਗਾ।

ਇਸ ਤੋਂ ਪਹਿਲੇ ਸਮਾਰੋਹ ਵਿੱਚ ਆਏ ਹੋਏ ਸਾਰੇ ਮਹਿਮਾਨਾਂ ਦਾ ਸੁਆਗਤ ਕਰਦੇ ਹੋਏ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀ ਪ੍ਰਧਾਨ ਸ੍ਰੀਮਤੀ ਸ਼ਕੁੰਤਲਾ ਡੀ. ਗੈਮਲੀਨ ਨੇ ਦੱਸਿਆ ਕਿ ਇਸ ਪਰਿਯੋਜਨਾ ਵਿੱਚ ਇਕ ਵਿਸ਼ੇਸ਼ ਤਕਨੀਕ ਦੀ ਵਰਤੋਂ ਕੀਤੀ ਗਈ ਹੈ, ਜਿਸ ਨਾਲ ਘੱਟ ਲਾਗਤ ਵਿੱਚ ਵਾਤਾਵਰਣ ਅਨੁਕੂਲ ਹਰਿਤ ਕੂੜੇ ਦਾ ਪ੍ਰਬੰਧਨ ਕਰਦੇ ਹੋਏ ਇਸ ਨਾਲ ਜੈਵ-ਈਂਧਨ ਵੀ ਬਣਾਇਆ ਜਾ ਸਕੇਗਾ। ਪਾਲਿਕਾ ਪਰੀਸ਼ਦ ਨੇ ਅਜਿਹੇ ਚਾਰ ਸੰਯੰਤਰ ਆਪਣੇ ਖੇਤਰ ਵਿੱਚ ਲਗਾਏ ਹਨ, ਜੋ ਲੋਧੀ ਗਾਰਡਨ, ਤਾਲਕਟੋਰਾ ਗਾਰਡਨ, ਨਹਿਰੂ ਪਾਰਕ ਅਤੇ ਪੁਰਾਣਾ ਕਿਲ੍ਹਾ ਰੋਡ ਨਰਸਰੀ ਵਿੱਚ ਸਥਾਪਤ ਕੀਤੇ ਗਏ ਹਨ।

ਇਹ ਸੰਯੰਤਰ ਹਰਿਤ ਕੂੜੇ-ਕਚਰੇ ਨੂੰ ਜੈਵ-ਈਂਧਨ ਵਿੱਚ ਪਰਿਵਰਤਿਤ ਕਰਨਗੇ। ਕੇਂਦਰੀਕਰਨ ਤੋਂ ਇਸ ਤਰ੍ਹਾਂ ਨਾਲ ਕੂੜੇ ਦਾ ਵਾਜਿਬ ਪ੍ਰਬੰਧਨ ਹੋ ਸਕੇਗਾ। ਹਰ ਇਕ ਸੰਯੰਤਰ ਦੋ ਮੀਟ੍ਰਿਕ ਟਨ ਸ਼ਮਤਾ ਨਾਲ ਲੈਸ ਹੈ, ਜਿਸ ਨੂੰ ਪਹਿਲੇ ਚਰਣ ਵਿੱਚ ਸਥਾਪਤ ਕੀਤਾ ਗਿਆ ਹੈ। ਇਸ ਨੂੰ ਲਗਾਉਣ ਤੇ ਲਗਭਗ 1.20 ਕਰੋੜ ਰੁਪਏ ਦੀ ਲਾਗਤ ਆਉਂਦੀ ਹੈ।

ਇਸ ਸਮਾਰੋਹ ਵਿੱਚ ਭਾਰਤ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰਾਲੇ ਦੇ ਸਕੱਤਰ ਡਾ. ਸ਼ੰਕਰ ਅਗਰਵਾਲ ਅਤੇ ਪਾਲਿਕਾ ਪਰੀਸ਼ਦ ਦੇ ਮੈਂਬਰ ਸ੍ਰੀ ਬੀ.ਐੱਸ. ਭਾਟੀ ਦੇ ਇਲਾਵਾ ਲੋਧੀ ਗਾਰਡਨ ਵਿੱਚ ਸਵੇਰੇ ਦੀ ਸੈਰ ਕਰਨ ਆਏ ਅਨੇਕ ਲੋਕ ਵੀ ਮੌਜੂਦ ਸਨ।

# ਪਰੀਸ਼ਦ ਗਤੀਵਿਧੀਆਂ





**ਪਾਲਿਕਾ ਪਰੀਸ਼ਦ ਦੇ ਸਲਾਨਾ ਖੇਡ ਮੁਕਾਬਲੇ :–**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀ ਪ੍ਰਧਾਨ ਸ੍ਰੀਮਤੀ ਸ਼ਕੁੰਤਲਾ ਡੀ. ਗੈਮਲੀਨ ਨੇ 11 ਨਵੰਬਰ, 2014 ਨੂੰ ਤਾਲਕਟੋਰਾ ਕ੍ਰਿਕੇਟ ਮੈਦਾਨ ਵਿੱਚ ਅੰਤਰ–ਵਿਭਾਗੀ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ। ਪਾਲਿਕਾ ਪਰੀਸ਼ਦ ਪ੍ਰਧਾਨ ਨੇ ਖੇਡ–ਮੁਕਾਬਲਿਆਂ ਨੂੰ ਸ਼ੁਰੂ ਕਰਨ ਦੇ ਐਲਾਨ ਕਰਨ ਦੇ ਬਾਅਦ ਖੇਡ ਨੂੰ ਖੇਡ ਦੀ ਭਾਵਨਾ ਨਾਲ ਖੇਡਣ ਦੀ ਸਹੁੰ ਸਭ ਖਿਡਾਰੀਆਂ ਨੂੰ ਦਿਵਾਈ। ਇਨ੍ਹਾਂ ਖੇਡ–ਮੁਕਾਬਲਿਆਂ ਦੀ ਸ਼ੁਰੂਆਤ ਵਿੱਚ ਪ੍ਰਧਾਨ–XI ਅਤੇ ਸਕੱਤਰ–XI ਦੀਆਂ ਟੀਮਾਂ ਦੇ ਵਿੱਚ ਇਕ ਕ੍ਰਿਕੇਟ ਮੈਚ ਖੇਡਿਆ ਗਿਆ। ਦੋਵਾਂ ਟੀਮਾਂ ਵਿੱਚ ਪਾਲਿਕਾ ਪਰੀਸ਼ਦ ਦੇ ਵਿਭਿੰਨ ਵਿਭਾਗਾਂ ਦੇ ਪ੍ਰਧਾਨ, ਸੀਨੀਅਰ ਅਧਿਕਾਰੀ ਅਤੇ ਕਰਮਚਾਰੀ ਸ਼ਾਮਲ ਸਨ। ਟਾਸ ਜਿੱਤਣ ਤੋਂ ਬਾਅਦ ਪ੍ਰਧਾਨ ਟੀਮ ਨੇ ਪਹਿਲੇ ਖੇਡਣ ਦਾ ਫ਼ੈਸਲਾ ਕੀਤਾ। ਦੋ ਘੰਟੇ ਚੱਲੇ ਮੈਚ ਦੇ ਬਾਅਦ ਪ੍ਰਧਾਨ ਟੀਮ ਜਿੱਤ ਗਈ। ਇਨ੍ਹਾਂ ਸਲਾਨਾ ਖੇਡ–ਮੁਕਾਬਲਿਆਂ ਦੇ ਅੰਤਰਗਤ ਕ੍ਰਿਕੇਟ, ਹਾਕੀ, ਫੁਟਬਾਲ, ਵਾਲੀਬਾਲ, ਕਬੱਡੀ, ਟੇਬਲ ਟੈਨਿਸ, ਬੈਡਮਿੰਟਨ ਅਤੇ ਐਥਲੀਟ ਪ੍ਰਤਿਯੋਗਤਾਵਾਂ ਆਯੋਜਿਤ ਕੀਤੀਆਂ ਜਾਣਗੀਆਂ ਅਤੇ ਇਹ ਪ੍ਰਤਿਯੋਗਤਾਵਾਂ ਫਰਵਰੀ–2015 ਤੱਕ ਚੱਲਣਗੀਆਂ। ਇਨ੍ਹਾਂ ਸਾਰੀਆਂ ਪ੍ਰਤਿਯੋਗਤਾਵਾਂ ਵਿੱਚ ਲਗਭਗ 5000 ਕਰਮਚਾਰੀ ਅਤੇ ਅਧਿਕਾਰੀ ਹਿੱਸਾ ਲੈਣਗੇ।

—o—

# ਪਰੀਸ਼ਦ ਗਤੀਵਿਧੀਆਂ







**ਮੁੱਖ ਲੇਖਾ ਪ੍ਰੀਖਿਆ ਆਫ਼ਿਸ ਵੱਲੋਂ ਹਿੰਦੀ ਪ੍ਰਤਿਯੋਗਤਾਵਾਂ :–**ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮੁੱਖ ਲੇਖਾ ਪ੍ਰੀਖਿਆ ਆਫ਼ਿਸ ਵੱਲੋਂ 11 ਸਤੰਬਰ, 2014 ਨੂੰ ਹਿੰਦੀ ਦਿਵਸ ਦੇ ਮੌਕੇ ਤੇ ਇਕ ਹਿੰਦੀ ਵਿਆਖਿਆਨ, ਹਿੰਦੀ ਸ਼ਬਦਕੋਸ਼ ਪ੍ਰਸ਼ਨੋਤਰੀ ਅਤੇ ਹਿੰਦੀ ਅਨੁਵਾਦ ਪ੍ਰਤਿਯੋਗਤਾਵਾਂ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨੇ ਗਰਮਜੋਸ਼ੀ ਨਾਲ ਹਿੱਸਾ ਲਿਆ। ਪ੍ਰੋਗਰਾਮ ਦੀ ਪ੍ਰਧਾਨਗੀ ਮੁੱਖ ਲੇਖਾ-ਪ੍ਰੀਖਿਅਕ ਸ੍ਰੀਮਤੀ ਵਰਸ਼ਾ ਤਿਵਾਰੀ ਨੇ ਕੀਤੀ। ਸਫ਼ਲ ਜੇਤੂਆਂ ਨੂੰ ਮੁੱਖ ਲੇਖਾ ਪ੍ਰੀਖਿਅਕ ਅਤੇ ਉਪ ਮੁੱਖ ਲੇਖਾ ਪ੍ਰੀਖਿਅਕ ਵੱਲੋਂ ਪੁਰਸਕ੍ਰਿਤ ਕੀਤਾ ਗਿਆ। ਇਸ ਮੌਕੇ ਤੇ ਸ੍ਰੀਮਤੀ ਵਰਸ਼ਾ ਤਿਵਾਰੀ, ਮੁੱਖ ਲੇਖਾ ਪ੍ਰੀਖਿਅਕ ਅਤੇ ਸ੍ਰੀ ਜੇ.ਜੇ. ਆਰੀਆ ਉਪ ਮੁੱਖ-ਲੇਖਾ ਪ੍ਰੀਖਿਅਕ ਵੱਲੋਂ ਸਰਕਾਰੀ ਕੰਮ-ਕਾਜ ਵਿੱਚ ਸਰਲ ਹਿੰਦੀ ਭਾਸ਼ਾ ਦੀ ਵਰਤੋਂ ਤੇ ਜ਼ੋਰ ਦਿੱਤਾ ਗਿਆ ।

—o—

# ਪਰੀਸ਼ਦ ਗਤੀਵਿਧੀਆਂ





**ਪਰੀਸ਼ਦ ਪ੍ਰਧਾਨ ਵੱਲੋਂ ਸਟੇਸ਼ਨਰੀ ਕਿਟ ਦੀ ਵੰਡ :-** ਸ੍ਰੀ ਜਲਜ ਸ੍ਰੀਵਾਸਤਵ, ਪ੍ਰਧਾਨ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਅਤੇ ਨਿਦੇਸ਼ਕ (ਸਿੱਖਿਆ) ਸ੍ਰੀਮਤੀ ਵਿਦੁਸ਼ੀ ਚਤੁਰਵੇਦੀ ਨੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਸਕੂਲ ਦੇ ਕਲਾਸ ਪਹਿਲੀ ਤੋਂ 8ਵੀਂ ਤੱਕ ਦੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਕਿਟ ਜਿਵੇਂ ਨੋਟ ਬੁੱਕ, ਡਾਇਰੀਆਂ, ਪੈਂਸਿਲਾਂ ਅਤੇ ਰਬੜ ਵੰਡੇ। ਇਹ ਪ੍ਰੋਗਰਾਮ 19 ਸਤੰਬਰ, 2014 ਨੂੰ ਪਰੀਸ਼ਦ ਕਸ਼, ਤੀਜੀ ਮੰਜ਼ਲ, ਪਾਲਿਕਾ ਕੇਂਦਰ, ਨਵੀਂ ਦਿੱਲੀ ਵਿੱਚ ਆਯੋਜਿਤ ਕੀਤਾ ਗਿਆ। ਪਰੀਸ਼ਦ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਨੇ ਸਾਰੇ ਵਿਦਿਆਰਥੀਆਂ ਨੂੰ ਚੰਗਾ ਵਸਨੀਕ ਅਤੇ ਮਨੁੱਖ ਬਣਨ ਲਈ ਹਾਰਦਿਕ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਘਰ, ਸਕੂਲ ਅਤੇ ਸ਼ਹਿਰ ਨੂੰ ਸਾਫ਼ ਰੱਖਣ ਨੂੰ ਕਿਹਾ। ਸ੍ਰੀ ਮੁਕੇਸ਼ ਕੁਮਾਰ, ਸ੍ਰੀਮਤੀ ਸ਼ਬਨਮ ਕੁੰਦਰਾ ਓ.ਐੱਸ.ਡੀ., ਸ੍ਰੀਮਤੀ ਅਨੀਸ ਫਾਤਿਮਾ ਅਤੇ ਸ੍ਰੀ ਸੁਰੇਸ਼ ਮੀਣਾ ਪ੍ਰਿੰਸੀਪਲ ਦੇ ਉੱਦਮ ਸਦਕਾ ਪ੍ਰੋਗਰਾਮ ਸਫ਼ਲ ਰਿਹਾ।

—o—

# ਪਰੀਸ਼ਦ ਗਤੀਵਿਧੀਆਂ








**ਸਾਰਵਜਨਿਕ ਥਾਂਵਾਂ ਤੇ ਥੁੱਕਣ ਦੇ ਖ਼ਿਲਾਫ਼ ਪਾਲਿਕਾ ਪਰੀਸ਼ਦ ਦੀ ਮੁਹਿੰਮ :–**ਨਵੀਂ ਦਿੱਲੀ ਦੀ ਐੱਮ.ਪੀ. ਸ੍ਰੀਮਤੀ ਮੀਨਾਕਸ਼ੀ ਲੇਖੀ ਨੇ 14 ਨਵੰਬਰ, 2014 ਨੂੰ ਕਨਾਟ ਪਲੇਸ ਵਿੱਚ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵੱਲੋਂ ਸਾਰਵਜਨਿਕ ਥਾਂਵਾਂ ਤੇ ਥੁੱਕਣ ਅਤੇ ਗੰਦਗੀ ਫੈਲਾਉਣ ਦੇ ਖ਼ਿਲਾਫ਼ ਚਲਾਈ ਜਾਣ ਵਾਲੀ ਇਕ ਮੁਹਿੰਮ ਦੀ ਸ਼ੁਰੂਆਤ ਥੁੱਕ ਅਤੇ ਗੰਦੇ ਕੀਤੇ ਗਏ ਖੰਭਿਆਂ ਤੇ ਸਫ਼ੇਦੀ ਕਰਕੇ ਕੀਤੀ। ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਸਾਰਵਜਨਿਕ ਥਾਂਵਾਂ ਤੇ ਨਾ ਥੁੱਕਣ। ਸਾਰਵਜਨਿਕ ਥਾਂਵਾਂ ਤੇ ਥੁੱਕਣ ਨਾਲ ਬੀਮਾਰੀਆਂ ਫੈਲਣ ਦਾ ਖ਼ਤਰਾ ਰਹਿੰਦਾ ਹੈ। ਇਹ ਮੁਹਿੰਮ ਪਾਲਿਕਾ ਪਰੀਸ਼ਦ ਵੱਲੋਂ 'ਸਵੱਛ ਭਾਰਤ ਮਿਸ਼ਨ' ਦੇ ਅੰਤਰਗਤ ਚਲਾਈ ਜਾ ਰਹੀ ਹੈ। ਇਸ ਮੌਕੇ ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀ ਪ੍ਰਧਾਨ, ਸ੍ਰੀਮਤੀ ਸ਼ਕੁੰਤਲਾ ਡੀ. ਗੈਮਲੀਨ, ਨਵੀਂ ਦਿੱਲੀ ਟ੍ਰੇਡਰਸ ਐਸੋਸੀਏਸ਼ਨ ਦੇ ਮੈਂਬਰ ਅਤੇ ਪਾਲਿਕਾ ਪਰੀਸ਼ਦ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਇਸ ਮੌਕੇ ਤੇ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੀ ਪ੍ਰਧਾਨ, ਸ੍ਰੀਮਤੀ ਸ਼ਕੁੰਤਲਾ ਡੀ. ਗੈਮਲੀਨ ਨੇ ਦੱਸਿਆ ਕਿ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਆਪਣੇ ਖੇਤਰ ਦੀਆਂ ਸਾਰੀਆਂ ਮਾਰਕੀਟਾਂ ਦੀ ਸਫ਼ਾਈ ਦੇ ਲਈ ਇਕ ਵਿਸ਼ੇਸ਼ ਮੁਹਿੰਮ ਚਲਾ ਰਹੀ ਹੈ। ਪਾਲਿਕਾ ਪਰੀਸ਼ਦ ਨੇ ਇਨ੍ਹਾਂ ਖੇਤਰਾਂ ਵਿੱਚ ਚਾਰ ਮਾਰਸ਼ਲ ਵੀ ਤਾਇਨਾਤ ਕੀਤੇ ਹਨ ਜੋ ਗੰਦਗੀ ਫੈਲਾਉਣ ਅਤੇ ਥੁੱਕਣ ਵਾਲਿਆਂ ਤੇ ਨਜ਼ਰ ਰੱਖਣਗੇ ਅਤੇ ਨਾਲ ਹੀ ਉਨ੍ਹਾਂ ਕੋਲ ਚਲਾਨ ਕੱਟਣ ਦਾ ਹੱਕ ਵੀ ਹੋਵੇਗਾ।

—o—

# ਪਰੀਸ਼ਦ ਗਤੀਵਿਧੀਆਂ







**ਨਗਰ ਪਾਲਿਕਾ ਬਾਲਿਕਾ ਮਾਧਮਿਕ ਸਕੂਲ, ਵਾਲਮੀਕੀ ਬਸਤੀ ਵੱਲੋਂ ਬਾਲ ਸਵੱਛ ਮੁਹਿੰਮ :**–ਨਗਰ ਪਾਲਿਕਾ ਬਾਲਿਕਾ ਮਾਧਮਿਕ ਸਕੂਲ, ਵਾਲਮੀਕੀ ਬਸਤੀ ਵਿੱਚ 17 ਨਵੰਬਰ, 2014 ਨੂੰ 'ਬਾਲ ਸਵੱਛ ਮੁਹਿੰਮ' ਮਨਾਈ ਗਈ। ਪਰੀਸ਼ਦ ਦੀ ਨਿਦੇਸ਼ਕ (ਸਿੱਖਿਆ) ਸ੍ਰੀਮਤੀ ਵਿਦੁਸ਼ੀ ਚਤੁਰਵੇਦੀ, ਸ੍ਰੀ ਸਤੀਸ਼ ਮਲਿਕ ਐਸ.ਐਚ.ਓ. (ਮੰਦਰ ਮਾਰਗ ਥਾਣਾ), ਸ੍ਰੀਮਤੀ ਜੇ. ਬਸੁ ਪ੍ਰਿੰਸੀਪਲ (ਬੰਗਾਲੀ ਸਕੂਲ), ਸ੍ਰੀ ਸੁਰੇਸ਼ ਮੀਣਾ, ਉਪ ਸਿੱਖਿਆ ਅਧਿਕਾਰੀ (ਜੀ) ਵੱਲੋਂ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਸ਼ਮ੍ਹਾ ਰੋਸ਼ਨ ਕੀਤੀ ਗਈ। ਸ੍ਰੀ ਸਤੀਸ਼ ਮਲਿਕ, ਐਸ.ਐਚ.ਓ. ਨੇ ਵਿਦਿਆਰਥੀਆਂ ਨੂੰ 'ਆਪਣੀ ਰੱਖਿਆ ਕਿਵੇਂ ਕਰੀਏ' ਦੇ ਵਿਸ਼ੇ ਤੇ ਵਿਸਤਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਤੇ ਨਗਰ ਪਾਲਿਕਾ ਬਾਲਿਕਾ ਮਾਧਮਿਕ ਸਕੂਲ, ਵਾਲਮੀਕੀ ਬਸਤੀ ਦੇ ਵਿਦਿਆਰਥੀਆਂ ਨੇ ਸਮੂਹਿਕ ਦੇਸ਼- ਭਗਤੀ ਗੀਤ ਪੇਸ਼ ਕੀਤੇ। ਹਾਸ-ਰਸ ਰੂਪਕ (ਸਿਕਟ) ਦੀ ਪੇਸ਼ਕਸ਼ ਸਕੂਲ ਦੇ ਵਿਦਿਆਰਥੀਆਂ ਅਤੇ ਡਾਇਟ ਨੇ ਮਿਲ ਕੇ ਪੇਸ਼ ਕੀਤੀ ਜੋ ਕਿ ਕੰਨਿਆ ਬਚਾਓ, ਸਾਖ਼ਰਤਾ, ਸਵੱਛ ਭਾਰਤ ਮੁਹਿੰਮ, ਵਾਤਾਵਰਣ ਅਤੇ ਰਾਸ਼ਟਰੀ ਏਕਤਾ ਨਾਲ ਸੰਬੰਧਿਤ ਸੀ। ਸ੍ਰੀ ਓਮ ਪ੍ਰਕਾਸ਼ ਐਚ.ਐਮ. ਨੇ ਆਪਣੇ ਸਕੂਲ ਦੀ ਤਰੱਕੀ ਦੇ ਵਿਸ਼ੇ ਵਿੱਚ ਵਿਚਾਰ ਰੱਖੇ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸ੍ਰੀ ਐਚ.ਕੇ. ਕਟਾਰੀਆ, ਉਪ ਸਿੱਖਿਆ ਅਧਿਕਾਰੀ (ਏ), ਸ੍ਰੀ ਗਿਰੀਸ਼ ਕੁਮਾਰ ਸ਼ਰਮਾ, ਉਪ-ਸਿੱਖਿਆ ਅਧਿਕਾਰੀ (ਸੀ), ਸ੍ਰੀਮਤੀ ਮੁਕਤਾ ਸਿੰਘ, ਪ੍ਰਿੰਸੀਪਲ-ਗੋਲ ਮਾਰਕੀਟ, ਸ੍ਰੀਮਤੀ ਰਮਾ ਜੋਸ਼ੀ, ਪ੍ਰਿੰਸੀਪਲ-ਆਰ.ਕੇ. ਆਸ਼ਰਮ ਮਾਰਗ ਸਕੂਲ ਅਤੇ ਐਸ.ਐਮ.ਸੀ. ਦੇ ਮੀਤ ਪ੍ਰਧਾਨ ਵੀ ਮੌਜੂਦ ਸਨ। ਪ੍ਰੋਗਰਾਮ ਦੇ ਅਖ਼ੀਰ ਵਿੱਚ ਨਿਦੇਸ਼ਕ (ਸਿੱਖਿਆ) ਸ੍ਰੀਮਤੀ ਚਤੁਰਵੇਦੀ ਨੇ ਮਾਪਿਆਂ ਨਾਲ ਬੱਚਿਆਂ ਦੇ ਕਲਿਆਣ ਦੇ ਲਈ ਵਿਭਿੰਨ ਮਾਮਲਿਆਂ ਤੇ ਵਿਚਾਰ-ਵਟਾਂਦਰਾ ਕੀਤਾ।

# ਆਂਚਲ ਵਿਸ਼ੇਸ਼ ਸਕੂਲ




ਆਂਚਲ ਸਕੂਲ, ਕੌਟੱਲਿਆ ਮਾਰਗ, ਚਾਣਕਯਪੁਰੀ ਵਿੱਚ ਸਕੂਲ ਦੇ ਵਿਦਿਆਰਥੀਆਂ ਲਈ ਡੇ-ਬੋਰਡਿੰਗ ਸੁਵਿਧਾਵਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਪ੍ਰਧਾਨ, ਸ੍ਰੀ ਜਲਜ ਸ੍ਰੀਵਾਸਤਵ ਜੀ ਦੇ ਕਰਕਮਲਾਂ ਦੁਆਰਾ 16 ਅਕਤੂਬਰ, 2014 ਨੂੰ ਆਂਚਲ ਡੇ-ਬੋਰਡਿੰਗ ਸਕੂਲ ਦਾ ਉਦਘਾਟਨ ਹੋਇਆ। ਹੁਣ ਸਕੂਲ ਵਿੱਚ ਹਰ ਰੋਜ਼ ਵਿਦਿਆਰਥੀਆਂ ਨੂੰ ਸਵੇਰੇ, ਦੁਪਹਿਰ ਅਤੇ ਸ਼ਾਮ ਨੂੰ ਪੌਸ਼ਟਿਕ ਭੋਜਨ ਦਿੱਤਾ ਜਾਂਦਾ ਹੈ।

15 ਅਤੇ 16 ਨਵੰਬਰ, 2014 ਨੂੰ ਆਂਚਲ ਡੇ-ਬੋਰਡਿੰਗ ਸਕੂਲ ਵਿੱਚ ਦੋ ਦਿਨ ਦੇ ਕੈਂਪ ਦਾ ਆਯੋਜਨ ਕੀਤਾ ਗਿਆ। 15 ਨਵੰਬਰ, 2014 ਦੀ ਸਵੇਰ ਤੋਂ 16 ਨਵੰਬਰ, 2014 ਦੁਪਹਿਰ ਤੱਕ ਸਕੂਲ ਦੇ 50 ਬੱਚੇ ਸਕੂਲ ਵਿੱਚ ਹੀ ਰੁਕੇ। ਬੱਚਿਆਂ ਨੇ ਵਿਭਿੰਨ ਕਾਰਜ-ਕਲਾਪਾਂ ਵਿੱਚ ਹਿੱਸਾ ਲਿਆ। ਇਹ ਤਜਰਬਾ ਵਿਦਿਆਰਥੀਆਂ ਲਈ ਬਹੁਤ ਹੀ ਮਨੋਰੰਜਕ ਅਤੇ ਯਾਗਦਾਰ ਸੀ।

3 ਦਸੰਬਰ, 2014 ਨੂੰ ਫੈਂਸੀ ਡਰੈੱਸ ਸ਼ੋ ਦੇ ਆਯੋਜਨ ਦੁਆਰਾ ਆਂਚਲ ਸਕੂਲ ਨੇ 'ਵਿਸ਼ਵ ਵਿਕਲਾਂਗਤਾ ਦਿਵਸ' ਮਨਾਇਆ। ਸਾਰੇ ਬੱਚਿਆਂ ਨੇ ਵਿਭਿੰਨ ਪੋਸ਼ਾਕਾਂ ਵਿੱਚ ਸਜ-ਧਜ ਕੇ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ। ਅਧਿਆਪਕਾਂ ਦੇ ਮਾਰਗ ਦਰਸ਼ਨ, ਮਾਪਿਆਂ ਦੇ ਸਹਿਯੋਗ ਅਤੇ ਬੱਚਿਆਂ ਦੇ ਉਤਸ਼ਾਹ ਨਾਲ ਇਹ ਪ੍ਰੋਗਰਾਮ ਬਹੁਤ ਸਫ਼ਲ ਰਿਹਾ।

ਖੇਡਾਂ ਦੇ ਖੇਤਰ ਵਿੱਚ ਵੀ ਆਂਚਲ ਵਿਸ਼ੇਸ਼ ਸਕੂਲ ਦੇ ਬੱਚੇ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਨ। 1 ਤੋਂ 5 ਨਵੰਬਰ, 2014 ਨੂੰ ਸਪੈਸ਼ਲ ਓਲੰਪਿਕਸ ਭਾਰਤ ਵੱਲੋਂ ਭੁਵਨੇਸ਼ਵਰ, ਉੜੀਸਾ ਵਿੱਚ ਆਯੋਜਿਤ ਰਾਸ਼ਟਰੀ ਪੱਧਰ ਦੇ ਖੇਡਾਂ ਵਿੱਚ ਆਂਚਲ ਵਿਸ਼ੇਸ਼ ਸਕੂਲ ਦੇ ਹਰਸ਼ ਨੇ 100 ਮੀਟਰ ਦੌੜ ਵਿੱਚ ਤੀਜਾ ਸਥਾਨ ਅਤੇ ਸ਼ਾੱਟ ਪੁਟ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਮੁਕੇਸ਼ ਨੇ ਵੀ ਬੈਡਮਿੰਟਨ ਸਿੰਗਲਸ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਦੋਨੋਂ ਬੱਚਿਆਂ ਨੇ ਰਾਸ਼ਟਰੀ ਪੱਧਰ ਤੇ ਆਂਚਲ ਸਕੂਲ ਦਾ ਗੌਰਵ ਵਧਾਇਆ।

**— *ਪ੍ਰਿੰਸੀਪਲ,***
**ਆਂਚਲ ਵਿਸ਼ੇਸ਼ ਸਕੂਲ**
**ਚਾਣਕਯ ਪੁਰੀ**
**ਨਵੀਂ ਦਿੱਲੀ**

ਲੇਖ

# ਭਾਈ ਵੀਰ ਸਿੰਘ ਦੇ ਪ੍ਰਭਾਵ 'ਚੋਂ ਉਪਜੀ 'ਪਾਰਸ ਛੂਹ'

ਡਾ. ਮਨੀਸ਼ਾ ਬੱਤਰਾ

ਆਧੁਨਿਕ ਕਾਲ ਵਿੱਚ ਸਾਹਿਤਕ ਰੁਪਾਂਤਰਣ ਦੇ ਨਵੇਂ ਆਯਾਮ ਸਥਾਪਤ ਹੋਏ ਜਿਸ ਕਰਕੇ ਸਿਰਜਣਾਤਮਕ ਚੇਤਨਾ ਵਿੱਚ ਵੀ ਨਵੀਨ ਤਬਦੀਲੀਆਂ ਦਾ ਵਾਪਰਨਾ ਸੁਭਾਵਿਕ ਸੀ। ਆਤਮ-ਅਭਿਵਿਅਕਤੀ ਦੀਆਂ ਨਵੀਨ ਵਿਧੀਆਂ ਸਥਾਪਿਤ ਹੋਈਆਂ ਤੇ ਇਸ ਦੇ ਨਾਲ-ਨਾਲ ਨਵੇਂ ਵਿਸ਼ੇ-ਵਸਤੂ ਵੀ ਪ੍ਰਚਲਿਤ ਹੋਏ। ਅਜਿਹੀ ਸਥਿਤੀ ਵਿੱਚ ਪੰਜਾਬੀ ਸਮਾਜ, ਸੱਭਿਆਚਾਰ, ਰਾਜਨੀਤਕ ਤੇ ਧਾਰਮਕ ਪਹਿਲੂਆਂ ਜਾਂ ਸਥਿਤੀਆਂ ਨੂੰ ਪੰਜਾਬੀ ਭਾਸ਼ਾ ਰਾਹੀਂ ਬਿਆਨ ਕਰਨ ਵਾਲਿਆਂ 'ਚੋਂ ਸਭ ਤੋਂ ਪਹਿਲਾ ਨਾਂ ਭਾਈ ਵੀਰ ਸਿੰਘ ਦਾ ਹੈ। ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਜਨਮ-ਦਾਤਾ ਵੀ ਮੰਨਿਆ ਜਾਂਦਾ ਹੈ। ਜਿਸ ਨੇ ਪੰਜਾਬੀ ਜੀਵਨ ਦੇ ਅਨੇਕ ਪੱਖਾਂ 'ਤੇ ਆਪਣੀ ਅਮਿੱਟ ਛਾਪ ਲਾਈ ਹੈ। ਆਪਣੀ ਬੌਧਿਕਤਾ ਤੇ ਅੰਤਰ-ਦ੍ਰਿਸ਼ਟੀ ਦੁਆਰਾ ਉਨ੍ਹਾਂ ਸਮੇਂ ਦੀ ਧੜਕਨ ਨੂੰ ਆਪਣੇ ਸ਼ਬਦਾਂ ਰਾਹੀਂ ਜੀਵੰਤ ਰੂਪ ਪ੍ਰਦਾਨ ਕੀਤਾ। ਅਜੋਕੇ ਸਮੇਂ ਵੀ ਪੰਜਾਬੀ ਸਾਹਿਤਕਾਰਾਂ ਤੇ ਇਤਿਹਾਸਕਾਰਾਂ ਦੁਆਰਾ ਭਾਈ ਸਾਹਿਬ ਨੂੰ ਪੰਜਾਬੀ ਵਾਰਤਕ, ਨਾਵਲ, ਸਰੋਦੀ ਕਾਵਿ, ਮਹਾਂ-ਕਾਵਿ, ਨਾਟਕ ਅਤੇ ਸਿੱਖ ਚਿੰਤਨ ਦਾ ਖੋਜੀ ਮੰਨਿਆ ਜਾਂਦਾ ਹੈ। ਉਨ੍ਹਾਂ ਦੀਆਂ ਸਰਬਾਂਗੀ ਸਾਹਿਤਕ ਕਿਰਤਾਂ ਸਦਕਾ ਪੰਜਾਬੀ ਸਾਹਿਤ 'ਚ ਨਵੀਆਂ ਸਾਹਿਤ ਵਿਧਾਵਾਂ ਦਾ ਪ੍ਰਚਲਨ ਆਰੰਭ ਹੁੰਦਾ ਹੈ। ਉਨ੍ਹਾਂ ਪੰਜਾਬੀ ਭਾਸ਼ਾ ਦੇ ਚਿੰਤਨੀ ਸੱਭਿਆਚਾਰ ਨੂੰ ਪ੍ਰਚਾਰਨ ਲਈ ਪੰਜਾਬੀ ਪੱਤਰਕਾਰੀ ਨੂੰ ਨਵੇਂ ਸਿਰਿਓਂ ਸਿਰਜਿਆ।

ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਵਿੱਚ ਮੌਲਿਕ ਕਿਰਤਾਂ ਤੋਂ ਇਲਾਵਾ ਪੰਜਾਬੀ ਪੱਤਰਕਾਰੀ ਲਈ ਖ਼ਾਲਸਾ ਸਮਾਚਾਰ, ਖ਼ਾਲਸਾ ਟ੍ਰੈਕਟ ਸੁਸਾਇਟੀ, ਛਾਪਾਖਾਨਾ, ਸਿੰਘ ਸਭਾਵਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ, ਕਾਲਜਾਂ ਨੂੰ



ਸਥਾਪਿਤ ਕਰਨ ਲਈ ਅਨੇਕਾਂ ਉੱਦਮ ਕੀਤੇ। ਭਾਈ ਸਾਹਿਬ ਦੁਆਰਾ ਚਲਾਏ ਜਾਂਦੇ ਕਾਰਜ ਇਕ ਵਿਸ਼ੇਸ਼ ਦ੍ਰਿਸ਼ਟੀ ਸਾਹਮਣੇ ਲਿਆਉਂਦੇ ਹਨ। ਭਾਈ ਸਾਹਿਬ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਕਈ ਲੇਖਕਾਂ ਨੇ ਸਾਹਿਤ ਰਚਨਾ ਆਰੰਭ ਕੀਤੀ। ਜਿਨ੍ਹਾਂ 'ਚੋਂ ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਗੁਰਬਖ਼ਸ਼ ਸਿੰਘ ਆਦਿ ਆਪਣੇ ਮੁੱਢਲੇ ਦੌਰ ਵਿੱਚ ਭਾਈ ਸਾਹਿਬ ਤੋਂ ਪ੍ਰਭਾਵਿਤ ਹਨ। ਦੂਜੀ ਪੀੜ੍ਹੀ ਦੇ ਅਮਰ ਕੌਰ, ਹਰਨਾਮ ਕੌਰ ਨਾਭਾ, ਬਲਵੰਤ ਸਿੰਘ ਨੂਰ, ਪ੍ਰੀਤਮ ਸਿੰਘ ਸਫ਼ੀਰ, ਅਨੂਪ ਸਿੰਘ, ਡਾ. ਬਲਬੀਰ ਸਿੰਘ 'ਦਿਲ' ਤੇ ਖ਼ੁਸ਼ਹਾਲ ਸਿੰਘ ਆਦਿ ਕਵੀ ਭਾਈ ਵੀਰ ਸਿੰਘ ਦੀ ਦ੍ਰਿਸ਼ਟੀ ਦੇ ਧਾਰਾਵਾਹਕ ਆਖੇ ਜਾ ਸਕਦੇ ਹਨ। ਇਨ੍ਹਾਂ ਵਿੱਚੋਂ ਹਰਨਾਮ ਕੌਰ ਨਾਭਾ ਇਕ ਅਜਿਹੀ ਕਵਿਤਰੀ ਹੈ ਜੋ ਭਾਈ ਸਾਹਿਬ ਦੀ ਰਚਨਾ ਦੇ ਪ੍ਰਭਾਵ ਹੇਠ 'ਪਾਰਸ ਛੂਹ' ਨਾਂ ਦਾ ਸੰਗ੍ਰਹਿ ਪ੍ਰਕਾਸ਼ਿਤ

ਕਰਦੀ ਹੈ। ਨਾਭਾ ਦੇ ਕਾਵਿ ਬਿੰਬ ਭਾਈ ਸਾਹਿਬ ਦੀ ਰਚਨਾ ਦਾ ਸਿੱਧਾ ਪ੍ਰਭਾਵ ਕਬੂਲਦੇ ਹਨ।

ਹਰਨਾਮ ਕੌਰ ਨਾਭਾ ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਤੋਂ ਹੀ ਪ੍ਰਭਾਵਿਤ ਨਹੀਂ ਸਨ ਸਗੋਂ, ਉਨ੍ਹਾਂ ਦੀ ਸ਼ਖ਼ਸੀਅਤ ਅਤੇ ਸਾਹਿਤ ਨੂੰ ਉਸ ਨੇ ਆਪਣੀ ਕਾਵਿ ਰਚਨਾ ਦੇ ਮਾਡਲ ਵਾਂਗ ਅਪਨਾਇਆ। ਹਰਨਾਮ ਕੌਰ ਨੇ ਆਪਣੀ ਭੈਣ ਅਮਰ ਕੌਰ ਨਾਲ ਮਿਲ ਕੇ ਇਕ ਕਾਵਿ-ਸੰਗ੍ਰਹਿ 'ਅਰਸ਼ੀ ਕਲੀਆਂ' ਵੀ ਪ੍ਰਕਾਸ਼ਿਤ ਕੀਤਾ। ਇੱਥੋਂ ਤੱਕ ਕਿ ਉਨ੍ਹਾਂ ਦੀਆਂ ਕਈ ਕਵਿਤਾਵਾਂ 'ਖ਼ਾਲਸਾ ਸਮਾਚਾਰ' ਵਿੱਚ ਲੰਮੇ ਸਮੇਂ ਤੱਕ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ। ਸਾਲ 1973 ਵਿੱਚ 'ਪਾਰਸ ਛੂਹ' ਨਾਂ ਅਧੀਨ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਇਆ, ਜਿਸ 'ਚ ਹਰਨਾਮ ਕੌਰ ਨਾਭਾ ਦੀਆਂ 'ਅਰਸ਼ੀ ਕਲੀਆਂ' 'ਪਾਰਸ ਛੂਹ' ਨਾਂ ਅਧੀਨ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਇਆ, ਜਿਸ 'ਚ ਹਰਨਾਮ ਕੌਰ ਨਾਭਾ ਦੀਆਂ 'ਅਰਸ਼ੀ ਕਲੀਆਂ' ਕਾਵਿ-ਸੰਗ੍ਰਹਿ ਵਿਚਲੀਆਂ ਤੇ ਉਸ ਤੋਂ ਬਾਅਦ ਦੀਆਂ ਹੋਰ ਕਈ ਕਵਿਤਾਵਾਂ ਕਾਵਿ ਚਰਚਾ ਦਾ ਵਿਸ਼ਾ ਬਣੀਆਂ। ਪ੍ਰੋ. ਪੂਰਨ ਸਿੰਘ ਤੇ ਡਾ. ਬਲਬੀਰ ਸਿੰਘ ਵਰਗੀਆਂ ਸ਼ਖ਼ਸੀਅਤਾਂ ਦੇ ਪ੍ਰਭਾਵ ਨੇ ਉਨ੍ਹਾਂ ਨੂੰ ਲਗਾਤਾਰ ਕਾਵਿ-ਸਿਰਜਣਾ ਨਾਲ ਜੋੜੀ ਰੱਖਿਆ। ਕਾਵਿ ਸਿਰਜਣਾ ਦੇ ਨਾਲ-ਨਾਲ ਉਨ੍ਹਾਂ ਅਨੁਵਾਦਕ ਵੱਜੋਂ ਭਾਈ ਵੀਰ ਸਿੰਘ ਦੇ ਸਮਕਾਲੀ ਰਹਿ ਚੁੱਕੇ ਬੰਗਲਾ ਭਾਸ਼ਾ ਦੇ ਵਿਖਿਆਤ ਕਵੀ ਸ੍ਰੀ ਰਵਿੰਦਰ ਨਾਥ ਟੈਗੋਰ ਤੇ ਹੋਰ ਕਈ ਕਵੀਆਂ ਦੀਆਂ ਰਚਨਾਵਾਂ ਦਾ ਅਨੁਵਾਦ ਵੀ ਕੀਤਾ। ਪਰ ਇਸ ਸਭ ਦੇ ਬਾਵਜੂਦ ਅਚਨਚੇਤ ਉਹ ਭਾਈ ਵੀਰ ਸਿੰਘ ਜੀ ਦੇ ਵਿਅਕਤਿਤਵ ਤੋਂ ਡੂੰਘੀ ਤਰ੍ਹਾਂ ਪ੍ਰਭਾਵਿਤ ਰਹੀ।

ਉਨ੍ਹਾਂ ਦੀ ਰਚਨਾ 'ਪਾਰਸ ਛੂਹ' ਵਿੱਚ ਕਈ ਕਵਿਤਾਵਾਂ 'ਚ ਭਾਈ ਵੀਰ ਸਿੰਘ ਪ੍ਰਤੀ ਸ਼ਰਧਾ ਭੇਟ ਕੀਤੀ ਗਈ ਹੈ ਤੇ ਕਈਆਂ 'ਚ ਭਾਈ ਸਾਹਿਬ ਦੁਆਰਾ ਰਚਿਤ ਸਾਹਿਤ ਦੀ ਉਸਤਤੀ ਨੂੰ ਪ੍ਰਗਟ ਕੀਤਾ ਗਿਆ ਹੈ। ਭਾਈ ਵੀਰ ਸਿੰਘ ਤੋਂ ਪ੍ਰੇਰਿਤ ਨਾਭਾ ਨੇ ਪ੍ਰਕਿਰਤੀ ਤੇ ਰਹੱਸਵਾਦੀ ਅਨੁਭਵਾਂ ਨੂੰ ਆਪਣੀ ਕਾਵਿ ਰਚਨਾ ਦਾ ਆਧਾਰ ਬਣਾਇਆ। ਉਨ੍ਹਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਸਿੱਧੇ ਤੌਰ 'ਤੇ ਭਾਈ ਸਾਹਿਬ ਨਾਲ ਸੰਬੰਧਿਤ ਹਨ। ਜਿਵੇਂ 'ਪਾਰਸ ਛੂਹ' ਵਿੱਚ ਸ਼ਾਮਿਲ 'ਅਰਸ਼ੀ ਚਿੱਤਰਕਾਰ' ਭਾਈ ਵੀਰ ਸਿੰਘ ਦੇ ਅਭਿਨੰਦਨ ਗ੍ਰੰਥ ਲਈ ਉਨ੍ਹਾਂ ਦੀ ਸਾਹਿਤਕ ਪ੍ਰਾਪਤੀ ਬਾਰੇ ਲਿਖੀ ਗਈ ਹੈ। 'ਜੁਗ ਜੁਗ ਜੀਵੋ ਜੀ' ਭਾਈ ਸਾਹਿਬ ਦੇ ਜਨਮ ਨਾਲ ਸੰਬੰਧਿਤ ਹੈ। 'ਤੂੰ ਵੀ ਅਨੰਤ ਹੈਂ' ਭਾਈ ਵੀਰ ਸਿੰਘ ਦੇ ਅਭਿਨੰਦਨ ਗ੍ਰੰਥ ਵਿੱਚੋਂ ਹੈ। ਕਵਿਤਾ 'ਕੰਬਦੇ ਕੰਬਦੇ ਅੱਥਰੂ' ਰਾਹੀਂ ਕਵਿਤਰੀ ਭਾਈ ਸਾਹਿਬ ਨੂੰ ਯਾਦ ਕਰਦੀ ਹੈ। ਇਸ ਤੋਂ ਇਲਾਵਾ ਵੀ ਅਜਿਹੀਆਂ ਬਹੁ-ਕਵਿਤਾਵਾਂ ਹਨ ਜਿਨ੍ਹਾਂ ਰਾਹੀਂ ਨਾਭਾ ਨੇ ਭਾਈ ਵੀਰ ਸਿੰਘ ਦੀ ਵੱਖਰੀ ਸ਼ਖ਼ਸੀਅਤ ਨੂੰ ਪੇਸ਼ ਕੀਤਾ ਹੈ। ਕਵਿਤਾ 'ਅਸੀਂ ਤੇਰੇ ਸਮਕਾਲੀ ਹਾਂ' ਦੁਆਰਾ ਕਵਿਤਰੀ ਭਾਈ ਵੀਰ ਸਿੰਘ ਦੀ ਉਸਤਤੀ ਕਰਦੀ ਆਪਣੇ ਭਾਵਾਂ ਨੂੰ ਕੁਝ ਇਸ ਤਰ੍ਹਾਂ ਵਿਅਕਤ ਕਰਦੀ ਹੈ :

**ਤੁਸੀਂ ਏਸ ਜਗ ਆਏ,**
**ਅਸੀਂ ਏਸ ਜਗ ਆਏ,**
**ਨੂਰੋ ਨੂਰ ਸੂਰਜ ਤੂੰ,**
**ਅਸੀਂ ਤੇਰੀ ਲਾਲੀ ਹਾਂ।**
**ਤੁਸੀਂ ਸਾਨੂੰ ਭਾਲ ਲੀਤਾ,**
**ਅਸੀਂ ਤੁਸਾਂ ਭਾਲ ਲੀਤਾ।**
**ਸ਼ੁਕਰ ! ਸ਼ੁਕਰ !!**
**ਲੱਖ ਸ਼ੁਕਰਾਨਾ ਰੱਬ ਜੀ ਦਾ,**
**ਧੰਨਭਾਗ ਸਾਡੇ,**
**ਅਸੀਂ ਤੇਰੇ ਸਮਕਾਲੀ ਹਾਂ।** (ਪੰਨਾ 22)

ਉਪਰੋਕਤ ਕਾਵਿ ਸਤਰਾਂ ਇਹ ਸਿੱਧ ਕਰਦੀਆਂ ਹਨ ਕਿ ਜਿਸ ਤਰ੍ਹਾਂ ਭਾਈ ਵੀਰ ਸਿੰਘ ਨੇ ਆਪਣੀਆਂ ਕਵਿਤਾਵਾਂ ਵਿੱਚ ਗੁਰੂ ਸਾਹਿਬਾਨ ਦੀ ਉਸਤਤੀ ਪੇਸ਼ ਕਰਦਿਆਂ, ਉਨ੍ਹਾਂ ਪ੍ਰਤੀ ਆਪਣੀ ਸ਼ਰਧਾਂਜਲੀ ਭੇਂਟ ਕੀਤੀ ਹੈ। ਉਸੇ ਤਰ੍ਹਾਂ ਹਰਨਾਮ ਕੌਰ ਨਾਭਾ ਨੇ ਭਾਈ ਵੀਰ ਸਿੰਘ ਦੇ ਵਿਚਾਰਾਂ, ਵਿਅਕਤਿਤਵ ਤੇ ਸਾਹਿਤ ਨੂੰ ਆਪਣੇ ਕਾਵਿ ਪ੍ਰਵਚਨ ਦਾ ਆਧਾਰ ਬਣਾਇਆ ਹੈ। ਉਸ ਦੀਆਂ ਬਹੁਤ ਸਾਰੀਆਂ ਅਜਿਹੀਆਂ ਕਵਿਤਾਵਾਂ ਹਨ ਜਿਨ੍ਹਾਂ ਵੱਲ ਸੰਕੇਤ ਕਰਦਿਆਂ ਉਹ ਆਪ ਆਖਦੀ ਹੈ ਕਿ ਇਨ੍ਹਾਂ ਸਤਰਾਂ ਨੂੰ 'ਭਾਈ ਵੀਰ ਸਿੰਘ ਦੀ ਛੂਹ' ਪ੍ਰਾਪਤ ਹੋਈ ਹੈ। ਨਾਭਾ ਦੀਆਂ ਕਈ ਕਵਿਤਾਵਾਂ ਭਾਈ ਵੀਰ ਸਿੰਘ ਦੁਆਰਾ ਰਚਿਤ ਸਾਹਿਤ ਵੱਲ ਇਸ਼ਾਰਾ ਕਰਦੀਆਂ ਹਨ। ਜਿਸ ਦੇ ਅੰਤਰਗਤ ਉਸ ਨੇ ਭਾਈ ਵੀਰ ਸਿੰਘ ਦੇ ਕਾਵਿ-ਸੰਗ੍ਰਹਿਆਂ ਦਾ ਹੀ ਜ਼ਿਕਰ ਨਹੀਂ ਕੀਤਾ ਸਗੋਂ ਉਨ੍ਹਾਂ ਦੁਆਰਾ ਪੇਸ਼ ਵਿਸ਼ਿਆਂ ਨੂੰ ਵਡਿਆਇਆ ਵੀ ਹੈ। ਜਿਵੇਂ ਫੁੱਲਾਂ ਦੀ ਕੋਮਲਤਾ, ਸਾਗਰ, ਨਦੀਆਂ, ਚੰਦ੍ਰਮਾ ਦੀ ਸੀਤਲਤਾ, ਤਾਰਿਆਂ ਦੀ ਡਲ੍ਹਕ, ਤ੍ਰੇਲ-ਤੁਪਕੇ, ਕਸ਼ਮੀਰ ਆਦਿ।

ਭਾਈ ਵੀਰ ਸਿੰਘ ਨੇ ਜਿੱਥੇ ਕੁਦਰਤ ਦੀ ਸੁੰਦਰਤਾ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ ਹੈ ਉੱਥੇ ਕਵਿਤਰੀ ਹਰਨਾਮ ਕੌਰ ਨੇ ਭਾਈ ਸਾਹਿਬ ਤੋਂ ਪ੍ਰਭਾਵਿਤ ਹੋ, ਇਸੇ ਪਰੰਪਰਾ ਨੂੰ ਵਿਸਤਾਰ ਦਿੱਤਾ ਹੈ। ਕਵਿਤਾ 'ਚੰਨ ਦਾ ਉੱਤਰ' ਵਿੱਚ ਉਸ ਨੇ ਕੁਦਰਤ ਦੇ ਇਨ੍ਹਾਂ ਪੱਖਾਂ ਦਾ ਜ਼ਿਕਰ ਹੀ ਨਹੀਂ ਕੀਤਾ ਸਗੋਂ ਆਪਣੇ ਵਿਚਾਰਾਂ ਨੂੰ ਇਨ੍ਹਾਂ ਬਿੰਬਾਂ ਰਾਹੀਂ ਸੰਚਾਰਿਆ ਵੀ ਹੈ। ਇਸ ਦੇ ਨਾਲ-ਨਾਲ ਨਾਭਾ ਨੇ ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਪੇਸ਼ ਵਿਸ਼ੇਸ਼ ਬਿੰਬਾਂ/ਦ੍ਰਿਸ਼ਾਂ ਦਾ ਜ਼ਿਕਰ ਪ੍ਰਸਤੁਤ ਕੀਤਾ ਹੈ, ਜਿਸ ਨੂੰ ਉਨ੍ਹਾਂ ਦੁਆਰਾ ਰਚਿਤ ਕਵਿਤਾ 'ਕੁਦਰਤ ਨੂੰ ਸ਼ਹੁ ਕਦੀ ਨਾ ਮਿਲਿਆ, ਮਿਲਿਆ ਪਹਿਲੀ ਵਾਰੀ' ਰਾਹੀਂ ਸਹਿਜੇ ਹੀ ਸਮਝ ਸਕਦੇ ਹਾਂ :

**ਚੰਦ੍ਰਮਾ ਦੀ ਸੀਤਲਤਾ ਦੀ,**
**ਖੋਲ੍ਹੀ ਤੁਸ਼ਾ ਪਿਟਾਰੀ,**
**ਡਲ੍ਹਕ ਤਾਰਿਆਂ ਦੀ ਲਾਹ ਅੰਬਰੋਂ,**
**ਕਵਿਤਾ ਵਿੱਚ ਸ਼ਿੰਗਾਰੀ,**
**'ਬਿਜਲੀਆਂ ਦੇ ਹਾਰ' ਪਰੋਏ,**
**'ਤ੍ਰੇਲ ਤੁਪਕਿਆਂ' ਦੀ ਡਬ ਸੁਹਣੀ,**
**'ਮਟਕ ਹੁਲਾਰੇ' ਲੈ ਕਸ਼ਮੀਰੋਂ**
**ਮੂਰਤਿ ਤੁਸ਼ਾਂ ਉਤਾਰੀ।**
**ਤੂੰ ਕਾਦਰ ਦਾ ਸੁਪਨਾ ਸੁਹਣਾ,**
**ਕੁਦਰਤ ਤੁਸ਼ਾਂ ਪਿਆਰੀ।** (ਪੰਨਾ 175)

ਇਨ੍ਹਾਂ ਕਾਵਿ ਸਤਰਾਂ ਤੋਂ ਇਲਾਵਾ ਵੀ ਕਾਵਿ-ਸੰਗ੍ਰਹਿ 'ਪਾਰਸ ਛੂਹ' ਵਿੱਚ ਅਜਿਹੀਆਂ ਕਵਿਤਾਵਾਂ ਦਾ ਜ਼ਿਕਰ ਪੇਸ਼ ਹੋਇਆ ਹੈ ਜਿਨ੍ਹਾਂ ਅੰਦਰ ਭਾਈ ਸਾਹਿਬ ਦੀਆਂ ਹੋਰ ਕਈ ਰਚਨਾਵਾਂ ਵੱਲ ਸੰਕੇਤ ਕੀਤਾ ਗਿਆ ਹੈ। ਜਿਵੇਂ ਉਸ ਦੀ ਕਵਿਤਾ 'ਪ੍ਰੀਤ ਵੀਣਾ' ਭਾਈ ਵੀਰ ਸਿੰਘ ਦੇ ਕਾਵਿ-ਸੰਗ੍ਰਹਿ 'ਪ੍ਰੀਤ ਵੀਣਾ' ਨੂੰ ਆਧਾਰ ਬਣਾਉਂਦੀ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੀ ਹੈ ਤੇ ਉਸ ਦੀ ਕਵਿਤਾ 'ਲਹਿਰਾਂ ਦੇ ਹਾਰ' ਭਾਈ ਸਾਹਿਬ ਦੀ ਪੰਜਾਬੀ ਸਮਾਜ ਪ੍ਰਤੀ ਸੇਵਾ ਭਾਵਨਾ ਵੱਲ ਸੰਕੇਤ ਕਰਦੀ ਹੈ। ਇਸੇ ਤਰ੍ਹਾਂ ਨਾਭਾ ਦੀ ਕਵਿਤਾ 'ਬਨਬਾਸੀ ਫੁੱਲ' ਭਾਈ ਸਾਹਿਬ ਦੀ ਕਵਿਤਾ 'ਬਿਨਫ਼ਸ਼ਾਂ ਦਾ ਫੁੱਲ' ਤੋਂ ਪ੍ਰੇਰਨਾ ਗ੍ਰਹਿਣ ਕਰਦੀ ਹੈ। ਜਿੱਥੇ ਆਪਣੀ ਕਵਿਤਾ ਵਿੱਚ ਭਾਈ ਵੀਰ ਸਿੰਘ ਨੇ ਬਿਨਫ਼ਸ਼ਾਂ ਦੇ ਫੁੱਲ ਦੀ ਇਕੱਲਤਾ ਤੇ ਕੁਦਰਤੀ ਅਵਸਥਾ ਨੂੰ ਵਿਸ਼ੇਸ਼ ਬਿੰਬਾਂ ਰਾਹੀਂ ਪੇਸ਼ ਕੀਤਾ ਹੈ ਉੱਥੇ ਨਾਭਾ ਦੀ ਕਵਿਤਾ ਨਿਰੋਲ ਭਾਵਾਂ ਦਾ ਪ੍ਰਗਟਾਵਾ ਕਰਦੀ ਹੈ। ਇਸ ਤੋਂ ਇਲਾਵਾ ਉਸ ਦੀ ਕਵਿਤਾ 'ਸਾਹਿਤ ਦੀ ਨਦੀ' ਪ੍ਰਤੱਖ ਤੇ ਪਰੋਖ ਰੂਪ 'ਚ ਭਾਈ ਸਾਹਿਬ ਦੇ ਵਿਅਕਤਿਤਵ ਅਤੇ ਸਾਹਿਤ ਨਾਲ ਸੰਬੰਧਿਤ ਹੈ ਜਿਵੇਂ :

**'ਗੁਰੂ ਨਾਨਕ ਚਮਤਕਾਰ'**
**'ਕਲਗੀਧਰ ਚਮਤਕਾਰ'**
**ਅਸ਼ਟਗੁਰੂ ਚਮਤਕਾਰ'**
**ਇਹ ਸਾਰੇ ਚਮਤਕਾਰ**
**ਤੁਸਾਂ ਆਪਣੇ ਅਰਸ਼ੀ-ਨੈਣਾਂ ਨਾਲ ਤੱਕੇ**
**ਤੇ ਇਨ੍ਹਾਂ ਦੀ ਚਮਕ ਸਾਹਿਤ ਵਿੱਚ ਚਮਕਾਈ**
**ਤੁਸੀਂ ਸਾਹਿਤ ਦੀ ਨਦੀ ਵਹਾਈ।** (ਪੰਨਾ 170)

ਕਾਵਿ-ਸੰਗ੍ਰਹਿ 'ਪਾਰਸ ਛੂਹ' ਵਿੱਚ ਪੇਸ਼ ਕਵਿਤਾਵਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਹਰਨਾਮ ਕੌਰ ਨਾਭਾ ਦੀ ਕਾਵਿ-ਸੰਰਚਨਾ ਦਾ ਕੇਂਦਰ ਹਮੇਸ਼ਾਂ ਤੋਂ ਭਾਈ ਵੀਰ ਸਿੰਘ ਦੀ ਸ਼ਖ਼ਸੀਅਤ ਰਹੀ ਹੈ। ਉਨ੍ਹਾਂ ਦੀਆਂ ਰਚਨਾਵਾਂ ਤੋਂ ਪ੍ਰਭਾਵ ਕਬੂਲਦੀ ਨਾਭਾ ਪ੍ਰਕਿਰਤੀਵਾਦੀ, ਰਹੱਸਵਾਦੀ ਤੇ ਅਧਿਆਤਮਵਾਦੀ ਵਿਚਾਰਾਂ ਦਾ ਵਿਸਤਾਰਮਈ ਪ੍ਰਗਟਾਵਾ ਕਰਦੀ ਹੈ। ਭਾਵੇਂ ਉਹ ਭਾਈ ਵੀਰ ਸਿੰਘ ਵਾਂਗ ਦਾਰਸ਼ਨਿਕ ਡੂੰਘਾਈ ਤੀਕ ਪਹੁੰਚ ਨਹੀਂ ਕਰਦੀ ਤੇ ਨਾ ਹੀ ਉਨ੍ਹਾਂ ਦੇ ਸਮੁੱਚੇ ਕਾਵਿ ਵਾਂਗ ਉਸ ਦੀਆਂ ਕਵਿਤਾਵਾਂ ਵਿੱਚ ਜੀਵਨ ਦੇ ਵਿਭਿੰਨ ਅਨੁਭਵਾਂ/ਪਰਿਸਥਿਤੀਆਂ ਨੂੰ ਪੇਸ਼ ਕੀਤਾ ਗਿਆ ਹੈ ਪਰ ਇਸ ਸਭ ਦੇ ਬਾਵਜੂਦ ਉਸ ਦੀਆਂ ਕਵਿਤਾਵਾਂ ਭਾਈ ਸਾਹਿਬ ਦੀ ਉਸਤਤੀ ਤੇ ਸ਼ਰਧਾ ਪੇਸ਼ ਕਰਦੀਆਂ ਨਜ਼ਰੀਂ ਪੈਂਦੀਆ ਹਨ। ਉਸ ਦੀਆਂ ਕਵਿਤਾਵਾਂ ਵਿੱਚ 'ਭਾਵਨਾਤਮਕ ਵਿਸ਼ਾਲਤਾ' ਹੈ, ਜਿਸ ਨੇ ਉਸ ਦੀ ਕਵਿਤਾ ਨੂੰ ਪ੍ਰਗੀਤਕ ਬਣਾਇਆ ਹੈ। ਉਹ ਭਾਵਾਂ ਦੀ ਅਭਿਵਿਅਕਤੀ ਨਾਲ ਸੰਬੰਧਿਤ ਸੂਖ਼ਮ ਸ਼ਬਦਾਂ ਦਾ ਪ੍ਰਯੋਗ ਕਰਦੀ ਹੈ। ਭਾਈ ਵੀਰ ਸਿੰਘ ਦੇ ਕਾਵਿ ਨੂੰ ਆਪਣੀ ਕਾਵਿ ਸਿਰਜਣਾ ਦਾ ਸ੍ਰੋਤ ਬਣਾਉਂਦੀ ਆਪ ਵੀ ਉਸੇ ਰਹੱਸਵਾਦੀ ਰੰਗ ਵਿੱਚ ਰੰਗ ਜਾਂਦੀ ਹੈ। ਉਨ੍ਹਾਂ ਦੀ ਸ਼ਖ਼ਸੀਅਤ ਤੇ ਸਾਹਿਤ ਤੋਂ ਪ੍ਰਭਾਵਿਤ ਹਰਨਾਮ ਕੌਰ ਨਾਭਾ ਨੇ ਉਨ੍ਹਾਂ ਦੀ ਕਾਵਿ-ਪਰੰਪਰਾ ਨੂੰ ਅਗਾਂਹ ਤੋਰਨ ਵਿੱਚ ਵਿਸ਼ੇਸ਼ ਯੋਗਦਾਨ ਪ੍ਰਦਾਨ ਕੀਤਾ ਹੈ।

*ਕੇ-4, ਅਰੁਣਾ ਨਗਰ, ਸਿਵਿਲ ਲਾਈਨ, ਦਿੱਲੀ-110054*

ਕਵਿਤਾ

## ਵਕਤ ਬੇ-ਵਕਤ/ *ਰਾਜੇਸ਼ ਗੁਪਤਾ*

ਵਕਤ ਬੇ-ਵਕਤ
ਆਪਣੇ ਹੀ ਅੰਦਰ ਜਾ ਵੜਨਾ ਸੌਖਾ ਨਹੀਂ ਹੁੰਦਾ
ਪਰ ਸ਼ਾਇਦ ਔਖਾ ਵੀ ਨਹੀਂ ਹੁੰਦਾ
ਪਰ ਔਖਾ ਹੁੰਦਾ ਹੈ
ਪੂਰੀ ਤਰ੍ਹਾਂ ਆਪਣੇ ਅੰਦਰ ਜਾਣਾ
ਤੇ ਆਪਣੇ ਭੀਤਰ ਤੱਕ ਉਤਰਨਾ
ਆਪਣੇ ਮਨ ਦੀਆਂ ਸਾਰੀਆਂ ਖਿੜਕੀਆਂ ਤੇ
ਦਰਵਾਜ਼ਿਆਂ ਨੂੰ ਖੋਲ੍ਹਣਾ
ਉਨ੍ਹਾਂ ਦੇ ਅੰਦਰ ਝਾਕਣਾ,
ਝਾਕਣਾ ਸੌਖਾ ਤਾਂ ਨਹੀਂ ਹੁੰਦਾ
ਪਰ ਔਖਾ ਵੀ ਨਹੀਂ ਹੁੰਦਾ...ਸ਼ਾਇਦ,
ਮਨ ਦੀ ਗਹਿਰਾਈ ਅੰਦਰ ਦਫ਼ਨ
ਕਿੰਨੇ ਹੀ ਆਸ-ਅਰਮਾਨ
ਤੇ ਹਰ ਇਕ ਨੂੰ ਪੂੰਝਣਾ
ਤੇ ਉਸ ਉੱਤੋਂ ਘੱਟਾ ਝਾੜਨਾ
.........ਸੌਖਾ ਨਹੀਂ ਹੁੰਦਾ
ਪਰ ਸ਼ਾਇਦ ਔਖਾ ਵੀ ਨਹੀਂ ਹੁੰਦਾ,
ਹਾਂ ਪਰ ਔਖਾ ਹੁੰਦਾ ਹੈ
ਆਪਣੇ ਬਾਰੇ ਚਿੰਤਨ ਕਰਨਾ,
ਆਪਣੀ ਸਫ਼ਲਤਾ ਦੇ ਉਪਰਾਲਿਆਂ ਵੱਲ ਤੱਕਣਾ
ਆਪਣੀ ਸਫ਼ਲਤਾ ਦੀਆਂ ਲਾਪਰਵਾਹੀਆਂ ਬਾਰੇ ਸੋਚਣਾ
ਬਹੁਤ ਔਖਾ ਹੁੰਦਾ ਹੈ ਆਪਣੀ ਅਸਫ਼ਲਤਾ ਬਾਰੇ ਸੋਚਣਾ
ਪਰ ਐਨਾ ਔਖਾ ਵੀ ਨਹੀਂ ਹੁੰਦਾ ਹੈ ਸ਼ਾਇਦ
ਪਰ ਔਖਾ ਹੁੰਦਾ ਹੈ
ਆਪਣੇ ਅੰਦਰ ਤੱਕ ਜਾਣਾ
ਤੇ ਆਪਣੇ ਹੀ ਅੰਦਰ ਧੱਸੀ ਜਾਣਾ
ਤੇ ਫਿਰ ਉਸ ਭੀਤਰ ਅੰਮ੍ਰਿਤ ਮੰਥਨ ਵਿੱਚੋਂ
ਨਹਾ ਕੇ ਨਿਕਲਣਾ ਤੇ ਉਸ ਵਿੱਚੋਂ
ਜਦ ਨਿਕਲਦੀ ਹੈ ਸਾਡੀ ਰੂਹ
ਪਾਕ ਤੇ ਪਵਿੱਤਰ ਹੋ ਕੇ
ਫਿਰ ਬਣਦਾ ਹੈ ਇਕ ਕਰਮਸ਼ੀਲ ਇਨਸਾਨ
ਤੇ ਕਰਮਸ਼ੀਲ ਇਨਸਾਨ ਲਈ ਸੰਭਵ ਹੈ ਕੁਝ ਵੀ,
ਸ਼ਾਇਦ ਸਭ ਕੁਝ।

*ਸਾਮ੍ਹਣੇ ਸਟੇਟ ਬੈਂਕ ਆਫ਼ ਇੰਡੀਆ,*
*ਤਿੱਬੜੀ ਰੋਡ, ਗੁਰਦਾਸਪੁਰ (ਪੰਜਾਬ)*



## ਚਾਚਾ ਨਹਿਰੂ

*ਸੁੰਦਰ ਪਾਲ ਪ੍ਰੇਮੀ*

ਭਾਰਤ ਮਾਂ ਦੀਆਂ ਅੱਖੀਆਂ ਦਾ ਤਾਰਾ ਸੀ,
ਪੰਡਿਤ ਮੋਤੀ ਲਾਲ ਦਾ ਚਾਚਾ ਦੁਲਾਰਾ ਸੀ।
ਘਰ ਨਾਲੋਂ ਮਾਂ ਨਾਲ ਪਿਆਰ ਜਤਾਇਆ ਸੀ,
ਮਾਂ ਦੀ ਅਜ਼ਾਦੀ ਲਈ ਤਨ-ਮਨ ਲਾਇਆ ਸੀ।
ਦੇਸ਼-ਭਗਤੀ 'ਚ ਰੰਗਿਆ, ਲੇਖਕ ਸੀ ਮਹਾਨ,
ਚਾਚੇ ਦੀਆਂ ਲਿਖਤਾਂ ਜਾਣਦਾ ਹੈ ਕੁੱਲ ਜਹਾਨ।
ਸੰਨ ਸੰਤਾਲੀ 'ਚ ਮਾਂ ਨੂੰ ਮੁਕਤ ਕਰਾਇਆ ਸੀ,
ਲਾਲ ਕਿਲ੍ਹੇ ਤੋਂ ਚਾਚੇ ਨੇ ਤਿਰੰਗਾ ਲਹਿਰਾਇਆ ਸੀ।
ਲੋਕਰਾਜ ਦਾ ਆਸ਼ਕ ਚੰਗਾ ਸਿਆਸਤਦਾਨ ਸੀ,
ਭਾਰਤ ਦੀ ਖ਼ੁਸ਼ਹਾਲੀ ਵਿੱਚ ਪਾਇਆ ਯੋਗਦਾਨ ਸੀ।
ਜੰਗ ਦਾ ਵਿਰੋਧੀ, ਅਮਨਾਂ ਦਾ ਵਣਜਾਰਾ ਸੀ,
'ਜੀਓ ਜੀਣ ਦਿਓ' ਦੀ, ਆਦਰਸ਼ ਵਿਚਾਰਧਾਰਾ ਸੀ।
ਵਿਗਿਆਨਕ ਸੋਚ ਦਾ ਧਾਰਨੀ, ਵਹਿਮਾਂ ਤੋਂ ਦੂਰ ਸੀ,
'ਅਰਾਮ ਹਰਾਮ ਹੈ' ਚਾਚੇ ਦਾ ਦਸਤੂਰ ਸੀ।
ਇਨਸਾਨੀਅਤ ਦਾ ਪੁੰਜ, ਸੱਚ ਦਾ ਦੀਵਾਨਾ ਸੀ,
ਸੰਸਾਰ ਨੂੰ ਪਰਿਵਾਰ ਬਣਾਉਣ ਦੀ ਦਿਲੀ ਚਾਹਨਾ ਸੀ।
ਪ੍ਰਧਾਨ ਮੰਤਰੀ ਦੇ ਨਾਤੇ ਨਾਂ ਚਮਕਾਇਆ ਸੀ,
ਆਪਣੀ ਕੁਰਸੀ ਨੂੰ ਦਾਗ਼ ਨਾ ਲਾਇਆ ਸੀ।
ਬੱਚਿਆਂ ਨੂੰ ਚਾਚਾ ਨਹਿਰੂ ਬੜਾ ਪਿਆਰਾ ਸੀ,
ਇਨ੍ਹਾਂ ਨਾਲ ਚਾਚੇ ਦਾ ਪਿਆਰ ਨਿਆਰਾ ਸੀ।
ਚਾਚੇ ਦਾ ਜਨਮ ਦਿਨ ਤੇ ਜਸ ਗਾਇਆ ਜਾਂਦਾ ਹੈ।
'ਬਾਲ ਦਿਵਸ' ਦੇ ਰੂਪ ਵਿੱਚ ਇਹ ਮਨਾਇਆ ਜਾਂਦਾ ਹੈ।
ਚਾਚਾ ਨਹਿਰੂ ਮਾਂ ਦਾ ਸੱਚਾ ਸਪੂਤ ਅਖਵਾ ਗਿਆ।

*ਨੇੜੇ ਪਾਰਕ, ਜੈਤੋ, ਫਰੀਦਕੋਟ (ਪੰਜਾਬ)*

**ਕਹਾਣੀ**

# ਅੰਤਿਮ ਇੱਛਾ

*ਸੁਰਿੰਦਰ ਕੌਰ ਛਾਬੜਾ*

ਅੱਜ ਵਿਨੋਦ ਨੇ ਆਪਣੇ ਸਭਨਾਂ ਭਰਾਵਾਂ ਨੂੰ ਇਤਲਾਹ ਦੇ ਦਿੱਤੀ ਸੀ ਕਿ 'ਬਾਪੂ ਜੀ ਦੀ ਤਬੀਅਤ ਸਖ਼ਤ ਖ਼ਰਾਬ ਹੈ ਸੋ ਜਲਦੀ ਪਹੁੰਚ ਜਾਉ।' ਇਕੱਲਿਆਂ ਉਹ ਕਾਫ਼ੀ ਘਬਰਾਇਆ ਹੋਇਆ ਸੀ। ਬਾਪੂ ਜੀ ਦੇ ਸਾਹ ਤੇਜ਼ ਹੋ ਗਏ ਸਨ ਤੇ ਬੇਚੈਨੀ ਵਧੀ ਹੋਈ ਸੀ। ਉਹ ਉੱਖੜੀਆਂ-ਉੱਖੜੀਆਂ ਜਿਹੀਆਂ ਗੱਲਾਂ ਕਰਨ ਲੱਗ ਪਏ ਸਨ। ਵਿਨੋਦ ਵਿਚਾਰਾ ਤਾਂ ਬਾਪੂ ਜੀ ਦੇ ਸਿਰਹਾਣੇ ਕੋਲੋਂ ਉੱਠਦਾ ਹੀ ਨਹੀਂ ਸੀ। ਉਸ ਦਾ ਦਿਲ ਡੁੱਬਦਾ ਜਾ ਰਿਹਾ ਸੀ। ਸੋਚਦਾ ਕਿ ਪਿੰਡ ਵਿੱਚ ਉਹ ਇਕੱਲਾ ਬਾਪੂ ਜੀ ਕੋਲ ਸੀ। ਅਗਰ ਬਾਕੀ ਸਭ ਭਰਾਵਾਂ-ਭੈਣਾਂ ਦੇ ਆਉਣ ਤੋਂ ਪਹਿਲਾਂ ਬਾਪੂ ਜੀ ਨੇ ਦਮ ਤੋੜ ਦਿੱਤਾ ਤਾਂ ਉਹ ਕੁਝ ਵੀ ਨਹੀਂ ਕਰ ਸਕਦਾ। ਮਾਂ ਵਿਚਾਰੀ ਤੋਲੇ ਤੋਲੇ ਦੇ ਅੱਥਰੂਆਂ ਦਾ ਜਿਵੇਂ ਹਾਰ ਪਹਿਨ ਕੇ ਆਪਣੇ ਸੁਹਾਗ ਨੂੰ ਬਚਾ ਲੈਣਾ ਚਾਹੁੰਦੀ ਸੀ।

ਬਾਪੂ ਜੀ ਦੇ ਬਿਨਾਂ ਮਾਂ ਦੀ ਜ਼ਿੰਦਗੀ ਵਿੱਚੋਂ ਆਤਮਾ ਦਾ ਨਿਕਲ ਜਾਣ ਵਰਗਾ ਸੀ। ਪਤੀ ਦੇ ਜਿਊਂਦੇ-ਜੀ ਉਹ ਕਦੀ ਕਿਸੇ ਵੀ ਪੁੱਤਰ 'ਤੇ ਨਿਰਭਰ ਨਹੀਂ ਰਹੀ ਸੀ। ਹਮੇਸ਼ਾਂ ਮੀਆਂ-ਬੀਵੀ ਅਲੱਗ ਰਹਿ ਕੇ ਖ਼ੁਸ਼ ਸਨ। ਸੰਤੁਸ਼ਟ ਸਨ। ਬਾਪੂ ਜੀ ਘਰ ਦਾ ਹਰੇਕ ਤਰ੍ਹਾਂ ਦਾ ਸਮਾਨ ਖ਼ੁਦ ਖ਼ਰੀਦ ਕੇ ਲਿਆਇਆ ਕਰਦੇ। ਮਾਂ ਆਪਣੇ ਹੱਥੀਂ ਦੋਹਾਂ ਲਈ ਖਾਣਾ ਵਕਤ-ਸਿਰ ਬਣਾ ਕੇ, ਖਾ ਲਿਆ ਕਰਦੇ ਸਨ। ਅਕਸਰ ਇਕ ਤੀਰਥ ਸਥਾਨ ਤੋਂ ਦੂਜੇ ਤੀਰਥ ਸਥਾਨ 'ਤੇ ਚੱਕਰ ਲਗਾਉਂਦੇ ਅਤੇ ਜੇ ਇਕੋ ਜਗ੍ਹਾ ਤੇ ਛੇ ਮਹੀਨਿਆਂ ਤੋਂ ਜ਼ਿਆਦਾ ਵਕਤ ਗੁਜ਼ਰ ਜਾਂਦਾ ਤਾਂ ਉਸੇ ਸ਼ਹਿਰ ਵਿੱਚ ਹੀ ਮਕਾਨ ਬਦਲ ਲਿਆ ਕਰਦੇ। ਪਰ ਚਾਰ-ਪੰਜ ਮਹੀਨਿਆਂ ਤੋਂ ਜ਼ਿਆਦਾ ਸਮਾਂ ਕਦੀ ਨਹੀਂ ਬਿਤਾਉਂਦੇ। ਬਾਪੂ ਜੀ ਧਾਰਮਕ ਉਲਝਣਾਂ 'ਚ ਜ਼ਿਆਦਾ ਨਹੀਂ ਪੈਂਦੇ। ਪਰ ਤਦ ਵੀ ਬੂਹੇ ਤੇ ਆਉਂਦੇ-ਜਾਂਦੇ ਆਦਮੀ ਨੂੰ ਜਾਂ ਕੁੱਤੇ-ਬਿੱਲੀ ਨੂੰ ਬਿਨਾਂ ਰੋਟੀ ਖੁਆਉਣ ਦੇ ਜਾਣ ਨਹੀਂ ਦਿੰਦੇ ਸਨ। ਪਿੰਡ ਵਿੱਚ ਕੋਈ ਵੀ ਸੰਤ-ਮਹਾਤਮਾ ਆਉਂਦਾ, ਭੋਜਨ ਜ਼ਰੂਰ ਛਕਾਉਂਦੇ। ਪਰ ਆਪਣੀ ਸੰਤਾਨ ਤੋਂ ਹਮੇਸ਼ਾਂ ਦੂਰ ਰਹਿੰਦੇ ਅਟੰਕ।

ਬੇਸ਼ੱਕ ਪਿਛਲੇ ਮਹੀਨੇ ਦੋਵੇਂ, ਬਾਪੂ ਜੀ ਤੇ ਮਾਂ ਜੀ, ਆਪਣੇ ਪੁੱਤਰ ਵਿਨੋਦ ਨੂੰ ਮਿਲਣ ਪਿੰਡ ਆਏ ਤਾਂ ਸਨ ਪਰ ਇਕ ਹਫ਼ਤੇ 'ਚ ਹੀ ਉਹਨਾਂ ਆਪਣਾ ਵੱਖਰਾ ਕਮਰਾ ਲੈ ਕੇ, ਵੱਖਰੀ ਰੋਟੀ-ਟੁੱਕਰ ਬਣਾਉਣੀ ਸ਼ੁਰੂ ਕਰ ਦਿੱਤੀ ਸੀ। ਵਿਨੋਦ ਦੀ ਪਤਨੀ, ਤਾਰਾ ਨੇ ਬਥੇਰੀ ਕੋਸ਼ਿਸ਼ ਕੀਤੀ ਕਿ ਉਹ ਅਜਿਹਾ ਨਾ ਕਰਨ ਪਰ ਉਸ ਦੇ ਘੁੰਡ ਦੀ ਲਾਜ ਉਹਨਾਂ ਨਹੀਂ ਰੱਖੀ। ਸਾਰੇ ਪਿੰਡ ਵਿੱਚ ਗੱਲ ਫੈਲ ਗਈ ਕਿ ਵਿਨੋਦ ਦੇ ਬੁੱਢੇ ਮਾਂ-ਬਾਪ ਵੱਖਰਾ ਕਮਰਾ ਲੈ ਕੇ ਰਹਿੰਦੇ ਹਨ।

ਹਫ਼ਤੇ ਬਾਅਦ ਬਾਪੂ ਜੀ ਨੂੰ ਬੁਖ਼ਾਰ ਚੜ੍ਹਿਆ। ਕਮਜ਼ੋਰੀ ਕਾਰਨ ਉਹ ਬਿਸਤਰ ਤੋਂ ਉੱਠਣ ਦੇ ਕਾਬਲ ਨਹੀਂ ਰਹੇ। ਇਕ ਬਿਰਧ ਅਵਸਥਾ, ਦੂਜਾ ਲਾਗੇ ਕੋਈ ਚੰਗਾ ਡਾਕਟਰ ਉਪਲਬਧ ਨਹੀਂ ਰਿਹਾ। ਮਾਂ ਜੀ ਘਰ ਵਿੱਚ ਹੀ ਜੜ੍ਹੀ-ਬੂਟੀਆਂ ਦਾ ਇਲਾਜ ਕਰਦੀ ਰਹੀ। ਬੁਖ਼ਾਰ ਹੱਠੀ ਬਾਲਕ ਦੀ ਤਰ੍ਹਾਂ, ਕਿਸੇ ਜੜ੍ਹੀ-ਬੂਟੀਆਂ ਵਰਗੀ ਚੀਜ਼ ਨਾਲ ਪਰਚਣ 'ਚ ਨਹੀਂ ਸੀ ਆ ਰਿਹਾ। ਏਧਰ ਮਾਂ ਜੀ ਦੀ ਅੱਖਾਂ ਦੀ ਰੋਸ਼ਨੀ ਵੀ ਮੰਦ ਪੈਣ ਲੱਗ ਪਈ ਕਿਉਂਕਿ ਉਹ ਜਾਣਦੀ ਸੀ ਕਿ ਸੰਧਿਆ ਕਾਲ ਦੇ ਹਨੇਰੇ ਦੀ ਚੱਦਰ ਤਾਣ, ਉਹ ਜ਼ਿਆਦਾ ਦਿਨ ਜੀ ਨਹੀਂ ਸਕੇਗੀ। ਤਾਰਾ ਅਤੇ ਵਿਨੋਦ ਨੇ ਉਹਨਾਂ ਨੂੰ ਆਪਣੇ ਘਰ ਲਿਜਾਣ ਲਈ ਅਨੇਕਾਂ ਯਤਨ ਕੀਤੇ, ਪਰ ਵਿਅਰਥ। ਸਵੇਰੇ-ਸ਼ਾਮ ਵਿਚਾਰੇ ਚੱਕਰ ਲਗਾ ਜਾਇਆ ਕਰਦੇ। ਹੋਰ ਕਰ ਵੀ ਕੀ ਸਕਦੇ ਸਨ ?

ਤੇ ਅੱਜ ! ਤਾਂ ਉਹ ਬਾਪੂ ਜੀ ਖ਼ਰਾਬ ਹਾਲਤ ਵੇਖ ਕੇ ਘਬਰਾ ਗਿਆ ਸੀ ਜਿਸ ਕਰਕੇ ਉਸ ਨੇ ਆਪਣੇ ਭਰਾਵਾਂ ਨੂੰ ਤੁਰੰਤ ਆਉਣ ਲਈ ਕਿਹਾ ਸੀ।

ਤੀਜੇ ਦਿਨ ਰਮੇਲ, ਸੁਨੀਲ, ਪ੍ਰਮੋਦ - ਸਾਰੇ ਭਰਾ ਅਤੇ ਭੈਣ ਸੁਸ਼ੀਲਾ ਆ ਪਹੁੰਚੇ। ਬਾਪੂ ਜੀ ਦੇ ਪ੍ਰਾਣ ਸ਼ਾਇਦ ਇਸੇ ਇੰਤਜ਼ਾਰ 'ਚ ਸਨ ਕਿ ਉਹ ਆਪਣੇ ਬੱਚਿਆਂ ਨੂੰ ਇਕੱਠਾ, ਜੀ ਭਰ ਕੇ ਆਖ਼ਰੀ ਵਾਰ ਵੇਖ ਲੈਣ। ਸਾਰੇ ਭੈਣ-ਭਰਾਵਾਂ ਨੇ ਰਲ ਕੇ ਉਹਨਾਂ ਦੀ ਸੇਵਾ ਦਾ ਭਾਰ ਆਪਣੇ ਮੋਢਿਆਂ 'ਤੇ ਲੈ ਲਿਆ। ਉਹਨਾਂ ਦੀ ਤਬੀਅਤ 'ਚ ਸੁਧਾਰ ਹੋਣ ਲੱਗਾ। ਸਾਰੇ ਭਰਾ ਉਹਨਾਂ ਦੇ ਇਰਦ-ਗਿਰਦ ਬੈਠੇ, ਉਹਨਾਂ ਦੀਆ ਲੱਤਾਂ ਘੁੱਟਦੇ, ਸਿਰ ਵਿੱਚ ਤੇਲ ਮਾਲਿਸ਼ ਕਰ ਦਿੰਦੇ। ਹੋਰ ਵੀ ਉਤਲੀਆਂ ਜ਼ਰੂਰਤਾਂ ਦੀ ਪੂਰਤੀ ਕਰ ਦਿੰਦੇ।

ਬੇਸ਼ੱਕ ਉਹਨਾਂ ਦੀ ਹਾਲਤ ਵਿੱਚ ਕਾਫ਼ੀ ਸੁਧਾਰ ਆਇਆ ਪਰ ਮਾਂ ਜੀ ਦੇ ਦਿਲ ਵਿੱਚ ਰਹਿ-ਰਹਿ ਕੇ ਆਸ਼ੰਕਾ ਉੱਠਦੀ

ਰਹੀ ਕਿ ਹੁਣ ਬਾਪੂ ਜੀ ਜ਼ਿਆਦਾ ਦਿਨਾਂ ਦੇ ਮਹਿਮਾਨ ਨਹੀਂ ਹਨ। ਬਾਪੂ ਜੀ ਦੇ ਸਿਰਹਾਣੇ ਬੈਠੀ, ਪਾਠ-ਪੂਜਾ ਵਿੱਚ ਜਿੰਨਾ ਧਿਆਨ ਲਗਾਉਣ ਦੀ ਕੋਸ਼ਿਸ਼ ਕਰਦੀ, ਉਂਨਾ ਹੀ ਉਸ ਦਾ ਦਿਲ ਕਹਿ ਉੱਠਦਾ, "ਅੰਤਮ ਸਮਾਂ ਨਜ਼ਦੀਕ ਹੈ। ਪੰਛੀ ਉੱਡਣ ਦੀ ਤਿਆਰੀ ਵਿੱਚ ਆਪਣੇ ਖੰਭ ਫੜਫੜਾ ਰਿਹਾ ਹੈ। ਜੋ ਵੀ ਅੰਤਮ ਇੱਛਾ ਹੋਵੇ, ਪੂਰੀ ਕਰਵਾ ਲਉ।' ਦਿਨ ਰਾਤ ਮਾਂ ਜੀ ਦੇ ਮਨ-ਮਸਤਕ ਵਿੱਚ ਇਹੀ ਵਿਚਾਰ ਬੰਦ ਬੋਤਲ 'ਚ ਜੀਵਿਤ ਮੱਖੀ ਦੀ ਤਰ੍ਹਾਂ ਘੁੰਮਦੇ ਰਹਿਣ ਕਰਕੇ, ਉਹਨਾਂ ਦੀ ਬੇਚੈਨੀ ਵਧਣ ਲੱਗ ਪਈ।

ਰਾਤੀਂ ਸੁਫਨੇ ਵਿੱਚ ਮਾਂ ਜੀ ਨੇ ਵੇਖਿਆ ਕਿ ਅਸਮਾਨ ਤੋਂ ਅਤਿਅੰਤ ਸੁੰਦਰ ਖਟੋਲਾ ਹੌਲੀ-ਹੌਲੀ ਹੇਠਾਂ ਬਾਪੂ ਜੀ ਦੇ ਸਿਰਹਾਣੇ ਉਤਰ ਰਿਹਾ ਹੈ। ਬਾਪੂ ਜੀ, ਜੋ ਕਿ ਐਸ ਵੇਲੇ ਅਸਹਾਇ ਜਿਹੇ ਹੋ ਕੇ ਬਿਸਤਰੇ ਤੇ ਪਏ ਹਨ ਇਕਦਮ ਸਫੂਰਤੀ ਨਾਲ ਉੱਠ ਕੇ ਉਸ 'ਚ ਜਾ ਬੈਠੇ ਹਨ। ਇਕ ਵਾਰੀ ਵੀ ਮੁੜ ਕੇ ਮਾਂ ਜੀ ਵੱਲ ਨਹੀਂ ਵੇਖਿਆ। ਇੰਝ ਭਾਸ ਰਿਹਾ ਸੀ ਜਿਵੇਂ ਉਹਨਾਂ ਦਾ ਉਸ ਨਾਲ ਕਦੇ ਕੋਈ ਸਰੋਕਾਰ ਨਹੀਂ ਰਿਹਾ। ਮਾਂ ਜੀ ਉਸ ਖਟੋਲੇ ਨੂੰ ਪਕੜਣ ਲੱਗਦੀ ਹੈ...। ਬੱਸ ! ਮਾਂ ਜੀ ਦੀ ਨੀਂਦ ਉਚਾਟ ਹੋ ਜਾਂਦੀ ਹੈ। ਸੁੱਤੀ-ਸੁੱਤੀ ਸਿਹਰ ਉੱਠਦੀ ਹੈ। ਅੱਖਾਂ 'ਚ ਸੱਚਮੁੱਚ ਤਾਜ਼ੇ-ਤਾਜ਼ੇ ਅੱਥਰੂ ਦੇਖ ਕੇ, ਸਾਰਾ ਸੁਫਨਾ ਮਾਂ ਜੀ ਨੂੰ ਯਾਦ ਆਉਂਦਾ ਹੈ। ਸਾਹ-ਸ਼ਕਤੀ ਹੀਨ ਮਹਿਸੂਸ ਕਰਦੀ ਹੈ ਪਰ ਹਿੰਮਤ ਕਰਕੇ ਉੱਠ, ਬਾਪੂ ਜੀ ਕੋਲ ਚੱਲੀ ਆਉਂਦੀ ਹੈ। ਉਹ ਤਾਂ ਸੁੱਤੇ ਹੋਏ ਸਨ। ਉਹਨਾਂ ਦੀ ਦਿਲ ਦੀ ਧੜਕਨ ਸੁਣ ਕੇ, ਧੀਰਜ ਹੁੰਦਾ ਹੈ।

ਉਹ ਫਿਰ ਆਪਣੀ ਚਾਰਪਾਈ 'ਤੇ ਆ ਕੇ ਲੇਟ ਜਾਂਦੀ ਹੈ। ਘਰ 'ਚ ਸਾਰੇ ਬੱਚੇ ਸੁੱਤੇ ਹੋਏ ਸਨ। ਸਭ ਪਾਸੇ ਨਿਸਤਬਧਤਾ ਛਾਈ ਹੋਈ ਸੀ - ਘਰ ਅੰਦਰ ਵੀ ਤੇ ਘਰ ਦੇ ਬਾਹਰ ਵੀ। ਰਾਤ ਦੀ ਆਮਦ ਕਾਰਨ ਇੰਝ ਭਾਸਦਾ ਸੀ ਜਿਵੇਂ ਸਾਰੇ ਡਰ ਕੇ, ਆਪਣੀ ਜ਼ਬਾਨਾਂ ਨੂੰ ਜ਼ਬਰਦਸਤੀ ਅੰਦਰ ਸੰਭਾਲ ਕੇ ਸੌਂ ਗਏ ਹੋਣ। ਪਰ ਰਾਤ ਦੀ ਵਿਦਾਇਗੀ ਤੇ ਸਾਰੇ ਸ਼ੇਰ ਬਣ ਕੇ ਉੱਠ ਖੜੇ ਹੋ ਜਾਂਦੇ ਹੋਣ। ਮਾਂ ਜੀ ਨੇ ਆਪਣੀ ਚਾਰਪਾਈ ਤੇ ਬੈਠ ਕੇ ਪਾਠ ਕਰਨਾ ਸ਼ੁਰੂ ਕਰ ਦਿੱਤਾ।

ਸਵੇਰ ਹੁੰਦਿਆਂ ਹੀ ਬਾਪੂ ਜੀ ਦੀ ਸਥਿਤੀ ਫਿਰ ਤੋਂ ਚਿੰਤਾਜਨਕ ਹੋ ਗਈ। ਮਾਂ ਜੀ ਨੂੰ ਆਪਣਾ ਸੁਫਨਾ ਫਿਰ ਸਾਕਾਰ ਹੁੰਦਾ ਨਜ਼ਰ ਆਉਣ ਲੱਗਾ। ਲੱਗਾ ਕਿ ਹੱਥ 'ਚ ਪਕੜਿਆ ਹੋਇਆ ਖਟੋਲਾ ਉਹਨਾਂ ਦੀ ਹੱਥੀਂ ਛੁੱਟ ਗਿਆ ਹੈ। ਸਿਰਫ਼ ਖਟੋਲੇ ਦੀ ਛੂਹ ਦਾ ਅਹਿਸਾਸ ਰਹਿ ਗਿਆ ਹੈ। ਉਸ ਛੂਹ ਨੂੰ ਉਹਨਾਂ ਆਪਣੀ ਮਾਂਗ ਵਿੱਚ ਭਰਨਾ ਚਾਹਿਆ।

ਰਮੇਲ ਨੂੰ ਭੇਜ ਕੇ ਸ਼ਹਿਰ ਤੋਂ ਇਕ ਚੰਗੇ ਫੋਟੋਗ੍ਰਾਫਰ ਅਤੇ ਵਕੀਲ ਦਾ ਪ੍ਰਬੰਧ ਕਰਵਾਇਆ ਗਿਆ। ਵਕੀਲ ਦੇ ਆਉਣ ਤੇ ਮਾਂ ਜੀ ਤੇ ਬੇਟੇ ਬਾਪੂ ਜੀ ਦੇ ਸਿਰਹਾਣੇ ਬੈਠ ਗਏ। ਮਾਂ ਜੀ ਨੇ ਆਪਣੇ ਤਾਜ਼ੇ-ਤਾਜ਼ੇ ਅੱਥਰੂ ਦੁਪੱਟੇ ਦੇ ਛੋਰ ਨਾਲ ਪੂੰਝਦੇ ਹੋਏ, ਰੁਆਂਸੀ ਅਵਾਜ਼ 'ਚ ਪੁੱਛਿਆ - 'ਤੁਹਾਡੀ ਅੰਤਿਮ ਇੱਛਾ ?'

'ਪੰਜ ਹਜ਼ਾਰ ਰੁਪਏ ਰਾਮਗੋਪਾਲ, ਸੋਪ ਫ਼ੈਕਟਰੀ ਦੇ ਮਾਲਕ ਨੂੰ ਜ਼ਰੂਰ ਦੇ ਦੇਣਾ।'

'ਕਿਸੇ ਹੋਰ ਨੂੰ ਕੁਝ ਦੇਣਾ ਹੈ ?'

'ਦੀਨ ਦਯਾਲ ਨੂੰ ਮੈਂ ਪਿਛਲੇ ਮਹੀਨੇ ਵਾਇਦਾ ਕੀਤਾ ਸੀ ਕਿ ਉਸ ਦੀ ਲੜਕੀ ਦੇ ਵਿਆਹ ਤੇ ਮੈਂ ਸਾਰਾ ਖ਼ਰਚਾ ਕਰਾਂਗਾ। ਮੈਂ ਆਪਣੀ ਹੱਥੀਂ ਤਾਂ ਹੁਣ ਇਹ ਸਭ ਨਹੀਂ ਕਰ ਸਕਾਂਗਾ, ਇਸ ਲਈ ਤੁਸੀਂ ਪੰਜ ਹਜ਼ਾਰ ਰੁਪਏ ਮੇਰੇ ਵੱਲੋਂ ਉਸ ਨੂੰ ਜ਼ਰੂਰ ਭਿਜਵਾ ਦੇਣਾ।'

ਸਾਰੇ ਭਰਾਵਾਂ ਦੇ ਰੰਗ ਉੱਡਣ ਲੱਗ ਪਏ। ਬਾਪੂ ਜੀ ਦਾ ਸਾਹ ਟੁੱਟਣ ਲੱਗ ਪਿਆ। ਉਹਨਾਂ ਨੂੰ ਜ਼ਮੀਨ 'ਤੇ ਲਿਟਾਇਆ ਗਿਆ। ਥੋੜ੍ਹੀ ਦੇਰ ਬਾਅਦ, ਚੂੰਕਿ ਦਮ ਅਜੇ ਟੁੱਟਿਆ ਨਹੀਂ ਸੀ, ਫਿਰ ਮੰਜੀ 'ਤੇ ਲਿਟਾ ਦਿੱਤਾ। ਮਾਂ ਜੀ ਨੇ ਫਿਰ ਪੁੱਛਿਆ - 'ਕੁਝ ਹੋਰ ?'

ਇੰਨੇ 'ਚ ਬਾਪੂ ਜੀ ਦਾ ਸਾਹ ਉੱਖੜਣ ਲੱਗ ਪਿਆ। ਬੇਟਿਆਂ ਨੇ ਉਹਨਾਂ ਨੂੰ ਜ਼ਮੀਨ 'ਤੇ ਲਾਹਿਆ। ਕਹਿਣ ਲੱਗੇ - 'ਮੇਰਾ ਘਰ ਤੁਸੀਂ ਧਰਮ-ਖਾਤੇ 'ਚ ਦੇ ਦੇਣਾ।'

'ਹੋਰ ਕੁਝ ?' ਮਾਂ ਜੀ ਨੇ ਪੁੱਛਿਆ।

ਬਾਪੂ ਜੀ ਨੇ ਕਿਹਾ - 'ਤੇਰੇ ਕੋਲ ਜਿੰਨੇ ਵੀ ਸੋਨੇ ਦੇ ਜ਼ੇਵਰ ਹਨ, ਉਹ ਤੂੰ...।' ਬਾਪੂ ਜੀ ਨੇ ਅਜੇ ਇਹ ਵਾਕ ਪੂਰਾ ਨਹੀਂ ਕੀਤਾ ਸੀ ਕਿ ਸਾਰੇ ਭਰਾਵਾਂ ਨੇ ਮਾਂ ਜੀ ਨੂੰ ਬਾਹੋਂ ਪਕੜ ਕੇ ਬਾਹਰ ਲੈ ਆਂਦਾ। ਇੰਨੇ 'ਚ ਬਾਪੂ ਜੀ ਨੇ ਦਮ ਤੋੜ ਦਿੱਤਾ।

ਘਰ 'ਚ ਰੋਣਾ-ਪਿੱਟਣਾ ਸ਼ੁਰੂ ਹੋ ਗਿਆ। ਪਰ ਮਾਂ ਜੀ ਦੇ ਹੰਝੂ ਪੁੱਤਰਾਂ ਦੇ ਹੰਝੂਆਂ ਤੋਂ ਅਲੱਗ ਸਨ, ਕਿਉਂਕਿ ਪੁੱਤਰ ਜਾਣਦੇ ਸਨ ਕਿ ਬਾਪੂ ਜੀ ਹਮੇਸ਼ਾਂ ਖ਼ੁਦਮੁਖ਼ਤਿਆਰ ਰਹਿਣਾ ਪਸੰਦ ਕਰਦੇ ਸਨ ਤੇ ਪੁੱਤਰਾਂ ਨੂੰ ਵੀ ਇਹੀ ਸਿੱਖਿਆ ਲੈਣ ਲਈ ਪ੍ਰੇਰਿਤ ਕਰਦੇ ਸਨ। ਪਿਤਾ ਦੀ ਜਾਇਦਾਦ ਲੈਣ ਦਾ ਉਹਨਾਂ ਨੂੰ ਕੋਈ ਅਧਿਕਾਰ ਨਹੀਂ ਹੁੰਦਾ। ਖ਼ੁਦ ਕਮਾਓ ਤੇ ਪਾਓ ਉਹਨਾਂ ਦੇ ਜੀਵਨ ਦਾ ਮਕਸਦ ਰਿਹਾ ਸੀ।

*ਬੀ-1, ਸ਼ਿਵ ਬਾਸਵ ਨਗਰ, ਸ਼ਿਵ ਮੰਦਰ ਰੋਡ,*
*ਅੰਬਰਨਾਥ-421501, ਜ਼ਿਲ੍ਹਾ ਥਾਣੇ, ਮਹਾਰਾਸ਼ਟਰ*

ਦੋ ਬਾਲ ਕਵਿਤਾਵਾਂ

# (i) ਸੋਚ-ਸਮਝ ਕੇ

## ਨੂਰ ਸੰਤੋਖਪੁਰੀ

ਜੇਬ-ਖ਼ਰਚ ਉੱਤੇ ਮੇਰੇ ਕਿਉਂ ਸ਼ਾਮਤ ਆਈ ?
ਮੰਮੀ-ਡੈਡੀ ਕਹਿੰਦੇ ਵੱਧ ਗਈ ਮਹਿੰਗਾਈ।

ਸੋਚ-ਸਮਝ ਕੇ ਖ਼ਰਚਾ ਕਰਨ ਦੀ ਗੱਲ ਸਮਝਾਈ,
ਕੈਂਚੀ ਕਟੌਤੀ ਦੀ ਮੇਰੀ ਜੇਬ ਉੱਤੇ ਚਲਾਈ।

ਮਹਿੰਗਾਈ ਦੇ ਮਾਰੇ ਵੱਡੇ ਦੇਣ ਪਏ ਦੁਹਾਈ,
ਬੱਚਿਆਂ ਲਈ ਵੀ ਇਹ ਆਫ਼ਤ ਬਣ ਕੇ ਆਈ।

ਤੂੰ ਕਿੱਥੋਂ ਆਈ ਏਂ ਮਹਿੰਗਾਈ ਮਹਾਂਮਾਈ ?
ਸੋਚ-ਸਮਝ ਕੇ ਖ਼ਰਚਾ ਕਰਨ ਦੀ ਗੱਲ ਸਮਝਾਈ।

ਦੋਧੀ ਨਾਲ ਵੀ ਮੰਮੀ ਕਰਦੀ ਪਈ ਲੜਾਈ,
ਉਸ ਨੇ ਵੀ ਦੁੱਧ ਦੀ ਕੀਮਤ ਹੋਰ ਵਧਾਈ।

ਕਿਉਂ ਦੁੱਧ ਉੱਤੇ ਆਉਂਦੀ ਨਹੀਂ ਹੁਣ ਮਲਾਈ ?
ਸਕੂਲ ਵਾਲਿਆਂ ਨੇ ਵੀ ਆਪਣੀ ਫ਼ੀਸ ਵਧਾਈ।

ਬੱਘੀ ਵਾਲੇ ਨੇ ਵੀ ਰੋਣਹਾਕੀ ਸ਼ਕਲ ਬਣਾਈ,
ਮੰਮੀ-ਡੈਡੀ ਕਹਿੰਦੇ ਮਹਿੰਗੀ ਹੋਈ ਪੜ੍ਹਾਈ।

ਸੋਚ-ਸਮਝ ਕੇ ਖ਼ਰਚਾ ਕਰਨ ਦੀ ਗੱਲ ਸਮਝਾਈ,
ਜੇਬ-ਖ਼ਰਚ ਉੱਤੇ ਮੇਰੇ ਕਿਉਂ ਸ਼ਾਮਤ ਆਈ ?

—o—






# (ii) ਸਾਡੇ ਪ੍ਰਿੰਸੀਪਲ

ਬਹੁਤ ਚੰਗੇ ਨੇ ਸਾਡੇ ਪ੍ਰਿੰਸੀਪਲ,
ਉੱਚੇ ਵਿਚਾਰ ਉਨ੍ਹਾਂ ਦੇ ਤੇ ਜੀਵਨ ਸਿੰਪਲ।

ਸਭ ਵਿਦਿਆਰਥੀਆਂ ਨੂੰ ਕਰਨ ਪਿਆਰ,
ਮੁਸ਼ਕਿਲਾਂ ਹੱਲ ਕਰਨ ਨੂੰ ਰਹਿਣ ਤਿਆਰ।

ਮੁਸਕਰਾਉਂਦੇ ਰਹਿੰਦੇ ਨੇ ਹਰ ਪਲ,
ਬਹੁਤ ਚੰਗੇ ਨੇ ਸਾਡੇ ਪ੍ਰਿੰਸੀਪਲ।

ਵਕਤ ਦੇ ਵੀ 'ਵੱਡੇ ਸਰ' ਬਹੁਤ ਪਾਬੰਦ,
ਵਕਤ ਦੀ ਕਦਰ ਕਰਨੀ ਕਰਦੇ ਪਸੰਦ।

ਸਾਨੂੰ ਵੀ ਹੋਣਾ ਚਾਹੀਦਾ ਪੰਕਚੁਅਲ !
ਬਹੁਤ ਚੰਗੇ ਨੇ ਸਾਡੇ ਪ੍ਰਿੰਸੀਪਲ।

ਮਿਹਨਤ ਕਰਨ ਦੀ ਸਾਨੂੰ ਪ੍ਰੇਰਨਾ ਦੇਣ,
ਨਕਲ ਤੋਂ ਦੂਰ ਰਹਿਣ ਵਾਸਤੇ ਕਹਿਣ।

ਸਦਾਚਾਰ ਉਨ੍ਹਾਂ ਦਾ ਮੇਨ ਪ੍ਰਿੰਸੀਪਲ,
ਬਹੁਤ ਚੰਗੇ ਨੇ ਸਾਡੇ ਪ੍ਰਿੰਸੀਪਲ।

ਸਕੂਲ ਨੂੰ ਗਿਆਨ ਦਾ ਮੰਦਰ ਬਣਾਇਆ,
ਬੂਟੇ-ਰੁੱਖਾਂ ਨਾਲ ਇਸ ਨੂੰ ਸੁੰਦਰ ਬਣਾਇਆ।

ਅਸੀਂ ਵੀ ਸਕੂਲ ਨੂੰ ਸਮਝੀਏ 'ਟੈਂਪਲ',
ਬਹੁਤ ਚੰਗੇ ਨੇ ਸਾਡੇ ਪ੍ਰਿੰਸੀਪਲ।

*BX-925, ਮੁਹੱਲਾ ਸੰਤੋਖਪੁਰਾ, ਵਿਨੈ ਨਗਰ*
*ਕਾਲੋਨੀ, ਜਲੰਧਰ-144004 (ਪੰਜਾਬ)*